
ISSN 0972-2335

# ਅੰਮ੍ਰਿਤ ਕੀਰਤਨ



ਭਾਈ ਬਲਦੀਪ ਸਿੰਘ ਅਤੇ ਪ੍ਰੋ. ਅਵਤਾਰ ਸਿੰਘ ਫਗਵਾੜਾ

ਸੰਪਾਦਕ
ਡਾ. ਜਾਗੀਰ ਸਿੰਘ

ਜੁਲਾਈ 2023

ਮੁੱਲ 15/-



## ਗੁਰੂ ਗ੍ਰੰਥ ਸਾਹਿਬ–ਦਸ ਗੁਰੂਆਂ ਦੀ ਜੋਤ

ਗੁਰੂ ਨਾਨਕ, ਅੰਗਦ ਗੁਰੂ, ਅਮਰਦਾਸ, ਰਾਮਦਾਸ,
ਅਰਜਨ, ਹਰ ਗੋਬਿੰਦ ਨੋਂ ਬਿਨੈ ਕਰੋਂ ਅਰਦਾਸ।

ਹਰੀ ਰਾਏ, ਹਰ ਕ੍ਰਿਸ਼ਨ ਜੀ, ਤੇਗ ਬਹਾਦੁਰ ਜਾਨ,
ਦਸਮ ਗੁਰੂ ਗੋਬਿੰਦ ਸਿੰਘ, ਖੜਾ ਦੁਆਰੇ ਆਨ।

ਦਸ ਗੁਰੂਉਂ ਕੀ ਜੋਤ ਇਕ, ਗੁਰੂ ਗ੍ਰੰਥ ਸਰੂਪ,
ਮਹਿਮਾ ਪਾਰਾਵਾਰ ਤੇ ਉਪਮਾਂ ਬਹੁਤ ਅਨੂਪ।

ਸਾਧ ਸੰਗਤ ਗੁਰੂ ਤੁਲ ਹੈ, ਬਿਨੈਂ ਕਰੋਂ ਕਰ ਜੋੜ,
ਭੁੱਲ ਚੁੱਕ ਮੇਰੀ ਬਖ਼ਸ਼ਿਉ, ਤੱਕੋ ਸੰਤੋਖ ਜੇ ਥੋੜ।

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ;eNo 15-J, uvhrV 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਗੁਰੂ ਗ੍ਰੰਥ ਸਾਹਿਬ-ਦਸ ਗੁਰੂਆਂ ਦੀ ਜੋਤ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ... ਟਾ-2

ਸੰਪਾਦਕੀ : ਕਰਉ ਬੇਨੰਤੀਆ -
ਕਵਿਤਾ ਵਰਗੀਆਂ ਧੀਆਂ ... 2

ਗੁਰਮਤਿ ਸੰਗੀਤ ਦੇ ਰਚਨਾਕਾਰ ਰਾਗੀ ਜਸਵੰਤ ਸਿੰਘ ਤੀਬਰ
ਡਾ.ਗੁਰਨਾਮ ਸਿੰਘ ... 5

ਸਹੀ ਅਰਥਾਂ ਵਾਲਾ ਭਾਈ
ਪ੍ਰੋ.ਅਵਤਾਰ ਸਿੰਘ ਫਗਵਾੜਾ ... 8

ਪੰਜਾਬ ਦਾ ਲੋਕ ਸੰਗੀਤ
ਅਜੈਪਾਲ ਸਿੰਘ ... 11

ਸਾਰੰਗ ਅੰਗ ਦੇ ਪ੍ਰਕਾਰ
ਡਾ. ਰਹਿਮੋ ... 15

ਸੁਰਲਿਪੀ ਰਾਗ ਅੱਸ਼ਾਕ ਕਾਨ੍ਹੜਾ ਦਾ ਅੰਤਰਾ ... 20

ਸੁਰਲਿਪੀ ਰਾਗ ਅੱਸ਼ਾਕ ਕਾਨ੍ਹੜਾ ... ਟਾ-3


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਕਵਿਤਾ ਵਰਗੀਆਂ ਧੀਆਂ

ਕੁਲਵੰਤ ਸਿੰਘ ਔਜਲਾ ਦੀ ਨਵੀਂ ਪੁਸਤਕ 'ਕਵਿਤਾ ਵਰਗੀਆਂ ਧੀਆਂ' ਪ੍ਰਾਪਤ ਹੋਈ। ਇਹ ਕਿਤਾਬ ਉਸਦੇ ਨਿਬੰਧਾਂ ਦਾ ਸੰਗ੍ਰਹਿ ਹੈ। ਮੁੱਖ ਬੰਦ ਵਿੱਚ ਪਤਾ ਲਗਦਾ ਹੈ ਕਿ ਇਹ ਨਿਬੰਧ ਅਖਬਾਰਾਂ ਅਤੇ ਰਸਾਲਿਆਂ ਵਿੱਚ ਛਪ ਚੁੱਕੇ ਹਨ। ਪਰ ਜਦੋਂ ਮੈਂ ਇਹਨਾਂ ਨੂੰ ਪੜ੍ਹਨਾਂ ਸ਼ੁਰੂ ਕੀਤਾਂ ਤਾਂ ਮਹਿਸੂਸ ਹੋਇਆ ਕਿ ਇਹ ਬਹੁਤ ਗੰਭੀਰ ਹਨ। ਇਹਨਾਂ ਨੂੰ ਪੜ੍ਹਨਾਂ ਤੇ ਪਚਾਉਣਾ ਔਖਾ ਹੈ। ਪਰ ਇੱਕ ਖਾਸ ਤਰਾਂ ਦੀ ਮਿਕਨਾਤੀਸੀ ਖਿੱਚ ਵੀ ਹੈ ਜਿਹੜੀ ਇਹਨਾਂ ਨੂੰ ਪੜ੍ਹਨ ਲਈ ਮਜਬੂਰ ਕਰਦੀ ਹੈ।

ਪੰਜਾਬ,ਪਰਿਵਾਰ,ਪਰਵਾਸ,ਮਿਹਨਤ,ਰਿਸ਼ਤੇ,ਪੁਸਤਕਾਂ,ਵਿਸ਼ਵਾਸ ਆਦਿ ਅਨੇਕਾਂ ਤਰ੍ਹਾਂ ਦੇ ਵਿਸ਼ੇ ਹਨ ਜਿਹੜੇ ਇਹਨਾਂ ਨਿਬੰਧਾਂ ਵਿੱਚ ਤਾਣੇ ਪੇਟੇ ਵਾਂਗ ਬੁਣੇ ਹੋਏ ਹਨ। ਮੈਂ ਇਸ ਨੂੰ ਪੜ੍ਹਦਿਆਂ ਪੜ੍ਹਦਿਆਂ ਕਈ ਗੱਲਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਪਰ ਫਿਰ ਸਮਝ ਆਇਆ ਕਿ ਇਹ ਨਿਬੰਧ ਮਾਣਨ ਲਈ ਵਧੇਰੇ ਹਨ ਸਮਝਣ ਲਈ ਘਟ। ਜਿਵੇਂ ਸੰਗੀਤ ਮਾਣਿਆਂ ਜਾ ਸਕਦਾ ਹੈ ਸਮਝਿਆ ਨਹੀਂ ਜਾ ਸਕਦਾ ਪਰ ਫਿਰ ਵੀ ਉਸ ਵਿੱਚ ਪ੍ਰਗਟ ਹੋ ਰਹੇ ਭਾਵਾਂ ਬਾਰੇ ਤਾਂ ਗੱਲ ਕੀਤੀ ਜਾ ਸਕਦੀ ਹੈ।

ਅੱਖਰ ਮੰਚ ਵੱਲੋਂ ਨੈਸ਼ਨਲ ਐਵਾਰਡੀ ਸਰਵਣ ਸਿੰਘ ਔਜਲਾ ਨੇ ਇਸ ਪੁਸਤਕ ਦੇ ਮੁਖਬੰਦ ਵਿੱਚ ਲਿਖਿਆ ਹੈ–

ਬੱਚੇ ਹੋਣ ਕਿਤਾਬਾਂ ਵਰਗੇ ਹਰ ਘਰ ਪੁਸਤਕ ਘਰ ਹੋਵੇ
ਨਾ ਕਿਸੇ ਨੂੰ ਫਿਕਰ ਤੇ ਫਾਕਾ ਨਾ ਕਿਸੇ ਨੂੰ ਡਰ ਹੋਵੇ

ਮੇਰੇ ਮਨ ਵਿੱਚ ਕਈ ਦਿਨਾਂ ਤੋਂ ਖਿਆਲ ਆ ਰਿਹਾ ਸੀ ਕਿ ਪੇਟ ਦੀ ਭੁੱਖ ਲਈ ਤਾਂ ਭਾਂਤ ਭਾਂਤ ਦੇ ਲੰਗਰ ਲਗਾਏ ਜਾ ਰਹੇ ਹਨ। ਦਿਮਾਗੀ ਭੁੱਖ ਲਈ ਹੁਣ ਪੁਸਤਕਾਂ ਦੇ ਲੰਗਰ ਲਗਾਉਣ ਦੀ ਲੋੜ ਹੈ।

ਜਦੋਂ ਔਜਲਾ ਸਾਹਿਬ ਦੀ ਇਹ ਪੁਸਤਕ ਪੜ੍ਹ ਰਿਹਾ ਸਾਂ ਤਾਂ ਇਸ ਵਿੱਚ ਉਹਨਾਂ ਨੇ ਕਿਤਾਬਾਂ ਬਾਰੇ ਬੜੀ ਸ਼ਿਦਤ ਨਾਲ ਕੁਝ ਨਾ ਕੁਝ ਪ੍ਰਗਟ ਕੀਤਾ ਸੀ। ਉਹ ਨਿਬੰਧ ਕਿਸੇ ਵੀ ਵਿਸ਼ੇ ਤੇ ਲਿਖ ਰਹੇ ਹੋਣ ਪਰ ਪੜ੍ਹਨ ਤੇ ਕਿਤਾਬਾਂ ਬਾਰੇ ਕੋਈ ਨਾ ਕੋਈ ਟਿਪਣੀ ਜ਼ਰੂਰ ਕਰ ਦਿੰਦੇ ਹਨ।

ਮੇਰੇ ਇੱਕ ਅਧਿਆਪਕ ਨੇ ਕਿਹਾ ਸੀ ਕੁਝ ਪੁਸਤਕਾਂ ਤੁਸੀਂ ਲਗਾਤਾਰ ਪੜ੍ਹ ਤਾਂ ਲੈਂਦੇ ਹੋ ਪਰ ਉਹਨਾਂ ਨੂੰ ਸਮਝਣ ਲਈ ਕਿਸੇ ਇੱਕ ਨੁਕਤੇ ਫੋਕਸ ਕਰਕੇ ਪੜ੍ਹੋ ਤਾਂ ਉਹ ਵਧੇਰੇ ਸਮਝ ਪੈਂਦੀ ਹੈ। ਫਿਰ ਲੋੜ ਅਨੁਸਾਰ ਕਿਸੇ ਦੂਜੇ ਨੁਕਤੇ ਤੇ ਫੋਕਸ ਕਰਕੇ ਦੁਬਾਰਾ ਪੜ੍ਹੋ।

ਔਜਲਾ ਪਹਿਲੇ ਲੇਖ ਵਿੱਚ ਲਿਖਦੇ ਹਨ–

ਮੇਰੇ ਬੱਚਤ ਖਾਤੇ ਵਿੱਚ ਹੈ ਸ਼ਬਦਾਂ ਦੀ ਕੁਝ ਪੂੰਜੀ
ਮੇਰੀ ਰਹੀ ਹਮੇਸ਼ਾਂ ਤੋਂ ਹੀ ਪਰੀਤ ਪੁਸਤਕਾਂ ਨਾਲ

ਜ਼ਿੰਦਗੀ ਦੀ ਜ਼ਰੂਰਤ ਤੇ ਜਾਨ ਹੁੰਦੇ ਹਨ ਰਿਸ਼ਤੇ-ਲੇਖ ਵਿੱਚ ਪੁਸਤਕ ਦਾ ਹਵਾਲਾ ਆਇਆ ਹੈ-

ਦਿਲ ਵਾਂਗੂ ਧੜਕਦੀ ਕਿਤਾਬ ਜਿਹਾ ਆਲ੍ਹਣਾ
ਕਿੱਥੇ ਗਿਆ ਰਾਗ ਤੇ ਰਬਾਬ ਜਿਹਾ ਆਲ੍ਹਣਾ

ਇੱਕ ਹੋਰ ਲੇਖ ਕਰੋਨਾ ਸਮੇਂ ਦੀ ਗੱਲ ਕਰਦਿਆਂ ਔਜਲਾ ਜੀ ਲਿਖਦੇ ਹਨ- 'ਕੋਵਿਡ ਦੇ ਖੌਫ ਵਿੱਚ ਸ਼ਬਦਾਂ ਦੀ ਨੇੜਤਾ ਮੇਰੇ ਅੰਗ ਸੰਗ ਰਹੀ।ਘਰ ਬੈਠਾ ਮੈਂ 'ਲਖ ਆਗਾਸਾ ਆਗਾਸ ਲਖ ਪਾਤਾਲਾ ਪਾਤਾਲ' ਖੋਜਦਾ ਰਿਹਾ। ਡਿਜੀਟਲ ਯੰਤਰਾਂ ਵਾਲੇ ਰੋਂਦੇ ਕਲਪਦੇ ਰਹੇ। ਕਿਤਾਬਾਂ ਹੌਂਸਲਾ,ਹਾਸਿਲ ਤੇ ਹਿੰਮਤ ਬਣਦੀਆਂ ਨੇ-

ਖੌਫ ਆਉਂਦਾ ਰਿਹਾ ਬਣ ਬਣ ਕੇ ਧਾੜਵੀ ਝੱਲਾਂ
ਅਸੀਂ ਪਰ ਕਰਦੇ ਰਹੇ ਪੁਸਤਕਾਂ ਦੇ ਨਾਲ ਗੱਲਾਂ

ਇਸ ਪੁਸਤਕ ਵਿੱਚ ਔਜਲਾ ਜੀ ਨੇ ਕਿਤਾਬਾਂ ਅਤੇ ਪੜ੍ਹਨ ਲਿਖਣ ਬਾਰੇ ਵੱਖਰੇ ਲੇਖ ਵੀ ਲਿਖੇ ਉਹਨਾਂ ਦਾ ਅਨੰਦ ਤਾਂ ਪੜ੍ਹ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ-ਪੁਸਤਕ,ਪਿਆਲਾ,ਪਦਾਰਥ ਤੇ ਪਹਿਰਾਵਾ -

'ਖੁਦਕੁਸ਼ੀਆਂ ਦੀ ਥਾਂ ਖਾਬ ਦੇ ਮੇਰੇ ਮਾਲਿਕਾ ਲੇਖ ਵਿੱਚ ਲੇਖਕ ਅਰਜ਼ੋਈ ਕਰਦਾ ਹੈ-

ਕਲਮ, ਕਾਪੀ, ਕਾਗਜ਼, ਕਿਤਾਬ ਹੋਵੇ
ਅੰਗਦ ਅੱਖਰਾਂ ਦੀ ਘਰਾਂ ਵਿੱਚ ਦਾਬ ਹੋਵੇ
ਕਰੀਂ ਰਹਿਮਤ ਮੇਰੇ ਦਿਲਦਾਰ ਮੌਲਾ
ਸੱਚੀਂ ਮੁੱਚੀਂ ਦਾ ਸਾਡਾ ਪੰਜਾਬ ਹੋਵੇ

ਲੇਖ 'ਕਿਤਾਬਾਂ ਦਾ ਨਿੱਘ ਲਾਜਵਾਬ ਤੇ ਲਾਸਾਨੀ ਹੈ'।

ਪਹਲੀ ਸਤਰ-ਪੜ੍ਹਨ ਦਾ ਨਸ਼ਾ ਤਮਾਮ ਮਾਨਵੀ ਨਸ਼ਿਆਂ ਤੋਂ ਉੱਤਮ ਤੇ ਊਰਜਾਵੰਤ ਹੈ।

ਪੁਸਤਕ ਬਾਰੇ ਔਜਲਾ ਜੀ ਦੀ ਕਵਿਤਾ ਦੇ ਕੁਝ ਬੰਦ ਹਾਜ਼ਰ ਹਨ-

ਪੁਸਤਕ ਵਿੱਚ ਇੱਕ ਘਰ ਹੁੰਦਾ ਹੈ, ਪੁਸਤਕ ਹੁੰਦੀ ਧੀ ਵਰਗੀ
ਕਦੇ ਕਦੇ ਕੋਈ ਪੁਸਤਕ ਹੁੰਦੀ ਮੋਏ ਵਿਛੜੇ ਜੀਅ ਵਰਗੀ

ਇਕੱਲੇ ਤੇ ਉਦਾਸ ਦਿਨਾਂ ਵਿੱਚ ਪੁਸਤਕ ਹੁੰਦੀ ਮਾਂ ਵਰਗੀ
ਤੱਪਦੇ ਅਤੇ ਵੀਰਾਨ ਦਿਨਾਂ ਵਿੱਚ ਪੁਸਤਕ ਹੁੰਦੀ ਛਾਂ ਵਰਗੀ

ਪੁਸਤਕਾਂ ਫਿਰੰਦੇ ਦੀ ਰਬਾਬ ਵਰਗੀਆਂ
ਪੁਸਤਕਾਂ ਖਿਦਰਾਣੇ ਦੀ ਕੱਚੀ ਢਾਬ ਵਰਗੀਆਂ
ਪੁਸਤਕਾਂ ਜੀਉਣਾ ਜਾਗਣਾ ਸਿਖਾਉਂਦੀਆਂ
ਪੁਸਤਕਾਂ ਸੁਪਨੇ ਤੇ ਸੱਧਰਾਂ ਉਗਾਉਂਦੀਆਂ

ਚਲੋ ਲਗਾਈਏ ਘਰ ਘਰ ਅੰਦਰ ਦਿਲ-ਅੱਖਰਾਂ ਦੀਆਂ ਦਾਬਾਂ
ਅੱਖਰਾਂ ਦੀ ਕੁੱਖ ਦੀ ਵਿੱਚੋਂ ਉੱਗਦੇ ਵੇਦ ਗ੍ਰੰਥ ਕਿਤਾਬਾਂ

ਖਾਬਾਂ ਅਤੇ ਖਿਆਲਾਂ ਨੂੰ ਅੱਖਰਾਂ ਵਿੱਚ ਉਗਾਉਂਦੀਆਂ ਹਨ
ਅੰਤ ਤੀਕ ਸਿਰਫ ਪੁਸਤਕਾਂ ਹੀ ਪੱਕਾ ਸਾਥ ਨਿਭਾਉਂਦੀਆਂ ਹਨ

ਮੈਂ ਇਸ ਵਧੀਆ ਪੁਸਤਕ ਨੂੰ ਦੀ ਸਿਫਾਰਸ਼ ਕਰਦਾ ਹਾਂ---

ਪੁਸਤਕ 'ਕਵਿਤਾ ਵਰਗੀਆਂ ਧੀਆਂ' ਲੇਖਕ ਕੁਲਵੰਤ ਸਿੰਘ ਔਜਲਾ,
ਮੋਬਾਇਲ-8437788856,
ਸਾਂਝ ਪ੍ਰਕਾਸ਼ਨ, 11, ਟਾਵਰ ਟਾਊਨ,ਲੇਨ-ਏ/1 ਜਲੰਧਰ,
ਮੋਬਾਈਲ 79734-29188, 85569-02200, ਮੁੱਲ 300 ਰੁਪਏ

**ਭੁੱਲ ਚੁੱਕ ਖਿਮਾ**

# ਗੁਰਮਤਿ ਸੰਗੀਤ ਦੇ ਰਚਨਾਕਾਰ ਰਾਗੀ ਜਸਵੰਤ ਸਿੰਘ ਤੀਬਰ

**ਡਾ.ਗੁਰਨਾਮ ਸਿੰਘ**

ਗੁਰਮਤਿ ਸੰਗੀਤ ਦੇ ਸ਼ਬਦ ਕੀਰਤਨ ਰਚਨਾਕਾਰ ਰਾਗੀ ਜਸਵੰਤ ਸਿੰਘ ਤੀਬਰ ਗੁਰਮਤਿ ਸੰਗੀਤ ਪਰੰਪਰਾ ਦੇ ਪ੍ਰਸਿੱਧ ਵਿਦਵਾਨ ਕੀਰਤਨੀਏ ਅਤੇ ਸੁਰਲਿਪੀਕਾਰ ਹੋਏ ਹਨ। ਆਪ ਹਮੇਸ਼ਾ ਗੁਰਮਤਿ ਸੰਗੀਤ ਦੀ ਵਿਹਾਰਕਤਾ ਅਤੇ ਸਿਧਾਂਤਕਤਾ ਪ੍ਰਤੀ ਕਾਰਜਸ਼ੀਲ ਰਹੇ। ਇਕ ਕੀਰਤਨੀਏ ਦੇ ਤੌਰ 'ਤੇ ਆਪ ਨੇ ਗੁਰਮਤਿ ਸੰਗੀਤ ਦਾ ਪ੍ਰਚਾਰ ਪ੍ਰਸਾਰ ਦੇਸ਼ਾਂ ਵਿਦੇਸ਼ਾਂ ਵਿਚ ਕੀਤਾ। ਗੁਰਮਤਿ ਸੰਗੀਤ ਦੀ ਭਵਿੱਖਤ ਪੀੜ੍ਹੀ ਲਈ ਆਪ ਨੇ 'ਸੰਗੀਤ ਸਾਗਰ' ਪੁਸਤਕ ਦੀ ਰਚਨਾ ਕਰਕੇ ਇਸ ਦੀ ਸਿਧਾਂਤਕਤਾ ਹਿਤ ਅਹਿਮ ਭੂਮਿਕਾ ਨਿਭਾਈ। ਇਸ ਪੁਸਤਕ ਵਿਚ ਦਰਜ ਸ਼ਬਦ ਕੀਰਤਨ ਰਚਨਾਵਾਂ ਆਪ ਦੀ ਵਿਦਵਤਾ ਦੀ ਮਿਸਾਲ ਹਨ। ਆਪ ਜੀਵਨ ਭਰ ਗੁਰਮਤਿ ਸੰਗੀਤ ਦੀ ਪ੍ਰਫੁਲੱਤਾ ਪ੍ਰਤੀ ਨਿਰੰਤਰ ਕਾਰਜਸ਼ੀਲ ਰਹੇ ਹਨ।

ਸ਼ਬਦ ਕੀਰਤਨ ਰਚਨਾਕਾਰ ਰਾਗੀ ਜਸਵੰਤ ਸਿੰਘ ਤੀਬਰ ਦਾ ਜਨਮ 10 ਜੁਲਾਈ, 1913 ਵਿਚ ਪਿੰਡ ਕੁਲਾਰ ਤਹਿਸੀਲ ਜਗਰਾਉਂ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਆਪ ਦੇ ਪਿਤਾ ਸ. ਕੇਹਰ ਸਿੰਘ ਅਤੇ ਮਾਤਾ ਰਾਜ ਕੌਰ ਗੁਰਸਿੱਖ ਪਰਿਵਾਰ ਨਾਲ ਸਬੰਧ ਰਖਦੇ ਸਨ। ਬਚਪਨ ਵਿਚ ਚੇਚਕ ਦੀ ਬਿਮਾਰੀ ਦਾ ਸ਼ਿਕਾਰ ਹੋਣ ਕਾਰਨ ਆਪ ਦੀਆਂ ਅੱਖਾਂ ਦੀ ਜੋਤ ਹਮੇਸ਼ਾ ਲਈ ਚਲੀ ਗਈ। ਅਦਿੱਖ ਜੀਵਨ ਕਾਰਨ ਆਪ ਸਕੂਲੀ ਪੜ੍ਹਾਈ ਪ੍ਰਾਪਤ ਕਰਨ ਵਿਚ ਸਫ਼ਲ ਨਹੀਂ ਹੋ ਸਕੇ। ਬਾਲ ਜਸਵੰਤ ਸਿੰਘ ਦੇ ਭਵਿੱਖ ਪ੍ਰਤੀ ਚਿੰਤਤ ਮਾਤਾ-ਪਿਤਾ ਨੇ ਆਪ ਨੂੰ ਗੁਰਬਾਣੀ ਦੀ ਸੰਥਿਆ ਦਿਵਾਉਣ ਲਈ ਪਿੰਡ ਕੁਲਾਰ ਦੇ ਗ੍ਰੰਥੀ ਭਾਈ ਪੂਰਨ ਸਿੰਘ ਕੋਲ ਭੇਜ ਦਿੱਤਾ। ਇਥੇ ਆਪ ਨੇ ਨਿਤਨੇਮ ਦੀਆਂ ਪੰਜ ਬਾਣੀਆਂ ਅਤੇ ਹੋਰ ਪ੍ਰਚਲਿਤ ਬਾਣੀਆਂ ਦੇ ਕਈ ਸ਼ਬਦ ਕੰਠ ਕੀਤੇ।

ਰਾਗੀ ਜਸਵੰਤ ਸਿੰਘ ਤੀਬਰ ਬਚਪਨ ਤੋਂ ਭਰ ਜਵਾਨੀ ਦੀ ਉਮਰ ਤੱਕ ਗੁਰਮਤਿ ਸੰਗੀਤ ਅਤੇ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਦੇ ਰਹੇ। ਆਪ ਨੇ ਇਕ ਸਦੀ ਤੋਂ ਚਲਦੀ ਆ ਰਹੀ ਗੁਰਮਤਿ ਸੰਗੀਤ ਪਰੰਪਰਾ ਦੀ ਪ੍ਰਸਿੱਧ 'ਦੋਧਰ ਟਕਸਾਲ' ਵਿਖੇ ਰਹਿ ਕੇ ਤਕਰੀਬਨ ਪੰਦਰਾਂ ਸਾਲ (1924 ਤੋਂ 1939 ਤੱਕ) ਨਿਰੰਤਰ ਗੁਰਮਤਿ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ। ਆਪ ਨੇ ਦੋਧਰ ਵਿਖੇ ਰਹਿ ਕੇ ਸਾਰੰਦਾ, ਤਾਊਸ, ਦੋ ਤਾਰਾ, ਵਾਇਲਨ, ਜਲਤਰੰਗ, ਹਰਮੋਨੀਅਮ ਆਦਿ ਅਨੇਕਾ ਸਾਜ਼ਾਂ ਨੂੰ ਵੀ ਸਿੱਖਿਆ। ਕੁਝ ਸਮਾਂ ਆਪ ਨੇ ਪੰਡਤ ਨੱਥੂ ਰਾਮ ਕੋਲੋਂ ਤਰਨਤਾਰਨ ਜਾ ਕੇ ਰਾਗ ਵਿਦਿਆ ਦੀ ਸਿੱਖਿਆ ਪ੍ਰਾਪਤ ਕੀਤੀ। ਸ਼ਾਸਤਰੀ ਸੰਗੀਤ ਦੀ ਸਿੱਖਿਆ ਆਪ ਨੇ ਉਸਤਾਦ ਝੰਡੇ ਖਾਨ ਤੋਂ ਪ੍ਰਾਪਤ ਕੀਤੀ। ਸੰਗੀਤ ਪ੍ਰਤੀ ਆਪ ਦੀ ਚੇਟਕ ਆਪ ਨੂੰ ਕਲਕੱਤੇ ਲੈ ਗਈ ਜਿਥੇ ਆਪ ਨੇ ਉਸਤਾਦ ਸ਼ਾਮ ਸਿੰਘ ਗੰਗੋਲੀ ਤੋਂ ਸਿਤਾਰ ਵਾਦਨ ਅਤੇ ਉਸਤਾਦ ਕਰਾਮਤਉਲ੍ਹਾ ਖਾਂ ਤੋਂ ਫਰੂਖਾਬਾਦ ਘਰਾਣੇ ਦੀ ਗਾਇਕੀ ਸਿੱਖੀ। ਪੰਜਾਬ ਪਰਤਦਿਆਂ ਆਪ ਨੇ ਉਸਤਾਦ ਲਛੱਮਣ ਸਿੰਘ ਗੰਧਰਵ ਤੋਂ ਹਿੰਦੁਸਤਾਨੀ ਤੇ ਕਰਨਾਟਕੀ ਸੰਗੀਤ ਪੱਧਤੀਆਂ ਦਾ ਅਧਿਐਨ ਕੀਤਾ। ਉਪਰੰਤ ਆਪਣੇ ਜੀਵਨ ਨੂੰ ਰੁਸ਼ਨਾਉਣ ਹਿਤ ਆਪ ਨੇ ਸ਼ਬਦ ਕੀਰਤਨ ਨੂੰ ਜੀਵਨ ਦਾ ਅਨਿੱਖੜ ਅੰਗ ਬਣਾਇਆ।

ਰਚਨਾਕਾਰ ਰਾਗੀ ਜਸਵੰਤ ਸਿੰਘ ਤੀਬਰ ਨੇ ਸੰਨ 1940 ਤੋਂ 1983 ਤੱਕ ਸ਼ਬਦ ਕੀਰਤਨ ਕਰਨ

ਅਤੇ ਸਿਖਾਉਣ ਦਾ ਕਾਰਜ ਕੀਤਾ। ਆਪ ਨੇ ਦੇਸ਼ ਵਿਦੇਸ਼ ਦੇ ਵੱਖ-ਵੱਖ ਸਥਾਨਾਂ 'ਤੇ ਜਾ ਕੇ ਅਨੇਕਾਂ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਨਾਲ ਜੋੜਿਆ। ਪੇਸ਼ੇਵਰ ਰਾਗੀ ਸਿੰਘਾਂ ਲਈ ਆਪ ਨੇ ਰਾਗੀ ਕਲਾਸ ਸ਼ੁਰੂ ਕੀਤੀ ਅਤੇ ਇਸ ਦੇ ਅੰਤਰਗਤ ਕੀਰਤਨ ਦੀ ਸਿਖਲਾਈ ਦਿੱਤੀ। ਸਭ ਤੋਂ ਪਹਿਲਾਂ 'ਦੋਧਰ ਟਕਸਾਲ' ਦੇ ਮੁਖੀ ਸੰਤ ਮੰਗਲ ਸਿੰਘ ਦੀ ਪ੍ਰੇਰਨਾ ਦੁਆਰਾ ਪਿੰਡ ਭਸੀਨ, ਮਿੰਟਗੁਮਰੀ ਵਿਖੇ ਸੰਗੀਤ ਵਿਦਿਆਲਾ ਸਥਾਪਿਤ ਕੀਤਾ ਅਤੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਿਆ ਦੇਣੀ ਪ੍ਰਾਰੰਭ ਕੀਤੀ। ਉਪਰੰਤ ਦੇਸ਼ ਵਿਦੇਸ਼ ਦੇ ਸ਼ਹਿਰਾਂ ਤੇ ਗੁਰਦੁਆਰਿਆਂ ਜਿਵੇਂ ਗੁਰੂ ਨਾਨਕ ਮਹਾ ਵਿਦਿਆਲਾ, ਪਿੰਡ ਮਾਨਪੁਰ ਖੰਟ, ਜ਼ਿਲ੍ਹਾ ਰੋਪੜ; ਗੁਰਦੁਆਰਾ ਦੂਖਨਿਵਾਰਨ ਸਾਹਿਬ, ਪਟਿਆਲਾ; ਗੁਰਦੁਆਰਾ ਚੂਹੜਕਾਣਾ, ਜ਼ਿਲ੍ਹਾ ਸੇਖੂਪੁਰਾ; ਆਪਣੇ ਨੇੜਲੇ ਪਿੰਡ ਹੇਰਾਂ ਦਾ ਗੁਰਦੁਆਰਾ ਸਾਹਿਬ; ਗੁਰਦੁਆਰਾ ਫਲਾਈ ਸਾਹਿਬ, ਲੁਧਿਆਣਾ; ਗੁਰਦੁਆਰਾ ਬੜੀ ਸੰਗਤ, ਕਲਕੱਤਾ; ਬ੍ਰਹਮ ਗਿਆਨੀ ਸੰਤ ਅੱਤਰ ਸਿੰਘ ਮਸਤੂਆਣਾ ਦੇ ਜਨਮ ਅਸਥਾਨ ਚੀਮਾ; ਪਿੰਡ ਮੁਲਾਂਪੁਰ ਦੇ ਇਤਿਹਾਸਕ ਗੁਰਦੁਆਰੇ ਆਦਿ ਵਿਖੇ ਸ਼ਬਦ ਕੀਰਤਨ ਸਿਖਾਉਣ ਦੀ ਸੇਵਾ ਕੀਤੀ। ਦਮਦਮੀ ਟਕਸਾਲ ਦੇ ਤੇਰਵੇਂ ਮੁੱਖੀ ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਭਿੰਡਰਾਵਾਲਿਆਂ ਨੇ ਪਿੰਡ ਮਹਿਤਾ, ਅੰਮ੍ਰਿਤਸਰ ਦੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਚਲ ਰਹੀ ਰਾਗੀ ਕਲਾਸ ਦਾ ਸਾਰਾ ਪ੍ਰਬੰਧ ਤਕਰੀਬਨ ਤਿੰਨ ਸਾਲ ਆਪ ਨੂੰ ਸੌਂਪੀ ਰੱਖਿਆ। ਸੰਤ ਜਰਨੈਲ ਸਿੰਘ ਭਿੰਡਰਾਵਾਲੇ ਆਪ ਦਾ ਬੜਾ ਸਤਿਕਾਰ ਕਰਦੇ ਸਨ ਅਤੇ ਕਈ ਵਾਰ ਆਪ ਨਾਲ ਰਾਗ ਸਿਧਾਂਤ ਬਾਰੇ ਵਿਚਾਰ ਗੋਸ਼ਟੀ ਵੀ ਕਰਦੇ ਰਹਿੰਦੇ ਸਨ। ਗੁਰਮਤਿ ਸੰਗੀਤ ਦੇ ਪ੍ਰਚਾਰ ਪ੍ਰਸਾਰ ਹਿਤ ਆਪ ਨੇ ਦੇਸ਼ ਵਿਦੇਸ਼ ਦੇ ਕਈ ਦੌਰੇ ਕੀਤੇ। 1980 ਅਤੇ 1982 ਵਿਚ ਆਪ ਸਿੰਗਾਪੁਰ ਅਤੇ 1982 ਵਿਚ ਹੀ ਕੈਲਗਰੀ (ਕੈਨੇਡਾ) ਆਦਿ ਵਿਖੇ ਗਏ। ਆਪ ਲੋੜਵੰਦ ਵਿਦਿਆਰਥੀਆਂ ਨੂੰ ਬਿਨਾ ਫੀਸ ਗੁਰਮਤਿ ਸੰਗੀਤ ਦੀ ਸਿੱਖਿਆ ਦਿੰਦੇ ਰਹੇ। ਆਪ ਦੇ ਤਕਰੀਬਨ 2000 ਤੋਂ ਵੱਧ ਵਿਦਿਆਰਥੀ ਹਨ ਜੋ ਦੇਸ਼ਾਂ ਵਿਦੇਸ਼ਾਂ ਵਿਚ ਗੁਰਮਤਿ ਸੰਗੀਤ ਦਾ ਪ੍ਰਚਾਰ ਪ੍ਰਸਾਰ ਕਰ ਰਹੇ ਹਨ। ਵਿਦਿਆਰਥੀਆਂ ਨੂੰ ਸ਼ਬਦ ਕੀਰਤਨ ਦੀ ਸਿੱਖਿਆ ਦੇਣ ਪ੍ਰਤੀ ਆਪ ਹਮੇਸ਼ਾ ਪਰਮਾਤਮਾ ਦੇ ਸ਼ੁਕਰਗੁਜ਼ਾਰ ਰਹੇ। ਕੀਰਤਨ ਦੀ ਸਿੱਖਿਆ ਦੇਣੀ ਆਪ ਨੂੰ ਇੰਝ ਜਾਪਦਾ ਸੀ ਜਿਵੇਂ ਪਰਮਾਤਮਾ ਨੇ ਸਿਰਫ ਇਸੇ ਕੰਮ ਲਈ ਆਪ ਨੂੰ ਸੰਸਾਰ ਵਿਚ ਭੇਜਿਆ ਹੋਵੇ।

ਰਾਗੀ ਜਸਵੰਤ ਸਿੰਘ ਤੀਬਰ ਨੇ ਵਕਤ ਦੀ ਲੋੜ ਮਹਿਸੂਸ ਕਰਦਿਆਂ 'ਸੰਗੀਤ ਸਾਗਰ' ਨਾਮਕ ਪੁਸਤਕ ਦੀ ਰਚਨਾ ਕੀਤੀ। ਇਸ ਪੁਸਤਕ ਨੂੰ ਆਪ ਦੇ ਪਰਿਵਾਰ ਵਾਲਿਆਂ ਨੇ ਦਮਦਮੀ ਟਕਸਾਲ, ਪਿੰਡ ਮਹਿਤਾ, ਅੰਮ੍ਰਿਤਸਰ ਦੁਆਰਾ ਸੰਨ 1986 ਵਿਚ ਪ੍ਰਕਾਸ਼ਿਤ ਕਰਵਾਇਆ। ਇਸ ਪੁਸਤਕ ਵਿਚ ਵਿਦਿਆਲੇ ਦੇ ਨਿਯਮ, ਵਿਦਿਆਲੇ ਦੇ ਸਾਬਕਾ ਪ੍ਰਿੰਸੀਪਲਾਂ ਦੇ ਨਾਮ, ਗੁਰਮਤਿ ਸੰਗੀਤ ਦੀ ਦੋਧਰ ਟਕਸਾਲ ਬਾਰੇ ਵਿਸ਼ੇਸ਼ ਜਾਣਕਾਰੀ, ਪੁਸਤਕ ਵਿਚ ਵਰਤੀ ਗਈ ਸੁਰਲਿਪੀ ਦੇ ਚਿੰਨ੍ਹ, ਤਾਲਾਂ ਦੇ ਬੋਲ, ਆਰਤੀ, ਲਾਵਾਂ ਤੋਂ ਇਲਾਵਾ ਭਾਰਤੀ ਅਤੇ ਗੁਰਮਤਿ ਸੰਗੀਤ ਦੇ 100 ਤੋਂ ਵੱਧ ਰਾਗਾਂ ਵਿਚ 440 ਸ਼ਬਦ ਕੀਰਤਨ ਰਚਨਾਵਾਂ ਦਰਜ ਕੀਤੀਆਂ ਗਈਆਂ। ਇਸ ਪੁਸਤਕ ਵਿਚ ਆਪ ਦੁਆਰਾ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ ਤੇ ਛੇ ਸੰਤਾਂ ਭਗਤਾਂ ਜਿਨ੍ਹਾਂ ਵਿਚ ਭਗਤ

ਨਾਮਦੇਵ, ਭਗਤ ਕਬੀਰ, ਸ਼ੇਖ ਫਰੀਦ, ਭਗਤ ਪੀਪਾ, ਭਗਤ ਰਾਮਾਨੰਦ ਅਤੇ ਭਗਤ ਰਵਿਦਾਸ ਜੀ ਦੀਆਂ ਬਾਣੀ ਰਚਨਾਵਾਂ ਨੂੰ ਸੁਰਲਿਪੀਬੱਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਾਈ ਗੁਰਦਾਸ ਅਤੇ ਭਾਈ ਨੰਦਲਾਲ ਦੀਆਂ ਰਚਨਾਵਾਂ ਵੀ ਇਨ੍ਹਾਂ ਦੀ ਸੁਰਲਿਪੀ ਦਾ ਵਿਸ਼ਾ ਰਹੀਆਂ ਹਨ। ਇਸ ਪੁਸਤਕ ਵਿਚ ਧਰੁਪਦ ਅੰਗ ਤੋਂ 14 ਅਤੇ ਧਮਾਰ ਅੰਗ ਤੋਂ 15 ਸ਼ਬਦ ਕੀਰਤਨ ਰਚਨਾਵਾਂ ਸੁਰਲਿਪੀ ਬੱਧ ਮਿਲਦੀਆਂ ਹਨ। ਇਸੇ ਤਰ੍ਹਾਂ ਗੁਰਮਤਿ ਸੰਗੀਤ ਦੀ ਪੜਤਾਲ ਗਾਇਨ ਸ਼ੈਲੀ ਦੀਆਂ ਦੋ ਸ਼ਬਦ ਕੀਰਤਨ ਰਚਨਾਵਾਂ ਵੀ ਪ੍ਰਾਪਤ ਹੁੰਦੀਆਂ ਹਨ। ਇਸ ਪੁਸਤਕ ਵਿਚ ਗੁਰਮਤਿ ਸੰਗੀਤ ਵਿਧਾਨ ਅਨੁਸਾਰੀ 32 ਸ਼ਬਦ ਕੀਰਤਨ ਰਚਨਾਵਾਂ ਵੱਖ-ਵੱਖ 12 ਰਾਗ ਤੇ ਰਾਗ ਪ੍ਰਕਾਰਾਂ (ਰਾਗ ਆਸਾ, ਨਟ, ਸਾਰੰਗ, ਧਨਾਸਰੀ, ਕਲਿਆਣ, ਕੇਦਾਰਾ, ਭੈਰਉ, ਗਉੜੀ, ਕਾਨੜਾ, ਟੋਡੀ, ਜੈਤਸਰੀ ਅਤੇ ਸਿਰੀ ਰਾਗ) ਅਧੀਨ ਸੁਰਲਿਪੀ ਬੱਧ ਕੀਤੀਆਂ ਗਈਆਂ ਹਨ। ਗੁਰਮਤਿ ਸੰਗੀਤ ਦੇ ਨਿਰਧਾਰਿਤ ਰਾਗਾਂ ਦੀ ਧਾਰਾ ਅਧੀਨ ਇਸ ਪੁਸਤਕ ਵਿਚ 56 ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਗੁਰਮਤਿ ਸੰਗੀਤ ਦੀ ਸ਼ਬਦ ਰੀਤ ਧਾਰਾ ਅਧੀਨ 372 ਸ਼ਬਦ ਕੀਰਤਨ ਰਚਨਾਵਾਂ ਸੁਰਲਿਪੀ ਬੱਧ ਕੀਤੀਆਂ ਗਈਆਂ ਹਨ। ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਹਿਤ ਆਪ ਵਲੋਂ ਛੋਟਾ ਕਹਿਰਵਾ, ਵੱਡਾ ਕਹਿਰਵਾ, ਦਾਦਰਾ, ਰੂਪਕ, ਤਿੰਨ ਤਾਲ, ਇੱਕ ਤਾਲ, ਝਪਤਾਲ, ਸੂਲਫ਼ਾਕ, ਸੂਲਫਾਕ ਊਂਟਾ ਦੀਪਚੰਦੀ, ਕੈਦ ਫਰੋਦਸਤ, ਜੈ ਮੰਗਲ, ਗਣੇਸ਼, ਸਾਰ ਤਾਲ, ਮਤ ਤਾਲ, ਧਮਾਰ ਤਾਲ, ਫਰੋਦਸਤ ਚਾਰ ਤਾਲ ਇੰਦਰ, ਸ਼ਿਖਰ, ਗਜਝੰਪਾ, ਗਜ਼ਲੀਲਾ, ਆਡਾ ਚੌਤਾਲ, ਅਸ਼ਟਮੰਗਲ, ਸਵਾਰੀ ਪੰਜਤਾਲ, ਪੰਜਾਬੀ ਠੇਕਾ, ਤਲਵਾੜਾ ਆਦਿ ਵਿਕਟ ਅਤੇ ਸਰਲ ਤਾਲਾਂ ਦਾ ਪ੍ਰਯੋਗ ਕੀਤਾ ਗਿਆ ਹੈ। 'ਸੰਗੀਤ ਸਾਗਰ' ਪੁਸਤਕ ਵਿਚ ਦਰਜ ਸ਼ਬਦ ਕੀਰਤਨ ਰਚਨਾਵਾਂ ਹਿਤ ਤੀਬਰ ਸਾਹਿਬ ਵਲੋਂ ਭਾਤਖੰਡੇ ਸੁਰਲਿਪੀ ਦਾ ਪ੍ਰਯੋਗ ਕੀਤਾ ਗਿਆ ਹੈ।

ਦੇਸ਼ ਵਿਦੇਸ਼ ਵਿਚ ਬੈਠੇ ਗੁਰਮਤਿ ਸੰਗੀਤ ਖੋਜਾਰਥੀਆਂ, ਵਿਦਿਆਰਥੀਆਂ ਅਤੇ ਪਾਠਕਾਂ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਥਾਪਿਤ ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਵਲੋਂ ਰਾਗੀ ਜਸਵੰਤ ਸਿੰਘ ਤੀਬਰ ਹੁਰਾਂ ਦੀ ਉਕਤ ਪ੍ਰਕਾਸ਼ਿਤ ਪੁਸਤਕ ਡਿਜ਼ੀਟਾਈਜ਼ਡ ਕਰਨ ਉਪਰੰਤ ਵੈਬਸਾਈਟ www.gurmatsangeetlibrary.com 'ਤੇ ਅਪਲੋਡ ਕੀਤੀ ਗਈ ਹੈ।

ਰਾਗੀ ਜਸਵੰਤ ਸਿੰਘ ਤੀਬਰ ਨੇ ਗੁਰਮਤਿ ਸੰਗੀਤ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਆਪ ਦੁਆਰਾ ਅਨੇਕਾ ਗੁਰਮਤਿ ਸੰਗੀਤ ਦੇ ਸੂਝਵਾਨ ਵਿਦਿਆਰਥੀ ਤਿਆਰ ਕੀਤੇ ਗਏ ਹਨ। ਗੁਰਮਤਿ ਸੰਗੀਤ ਦੇ ਅਕਾਦਮਿਕ ਪੱਧਰ ਨੂੰ ਮਜਬੂਤ ਕਰਨ ਹਿਤ ਆਪ ਨੇ ਵਡਮੁੱਲੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਹਨ। ਆਪ ਵਲੋਂ ਗੁਰਮਤਿ ਸੰਗੀਤ ਦੀ ਅਕਾਦਮਿਕਤਾ ਦੀ ਆਰੰਭਤਾ ਲਈ ਕੀਤੇ ਯਤਨ ਬਹੁਤ ਹੀ ਸ਼ਲਾਘਾਯੋਗ ਹਨ।

**ਬਾਨੀ, ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**
**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਸਹੀ ਅਰਥਾਂ ਵਾਲਾ ਭਾਈ

**ਪ੍ਰੋ.ਅਵਤਾਰ ਸਿੰਘ ਫਗਵਾੜਾ**

ਸਿੱਖ ਸਮਾਜ ਵਿਚ ਅੱਜਕੱਲ੍ਹ ਭਾਈ ਲਕਬ ਬੇਰਾਂ ਵੱਟੇ ਹੀ ਵੰਡਿਆ ਜਾ ਰਿਹਾ ਹੈ। ਪਰ ਇਸ ਲਕਬ ਦਾ ਮਹੱਤਵ ਅਤੇ ਇਲਮ ਨਾ ਵੰਡਣ ਵਾਲਿਆਂ ਨੂੰ ਹੁੰਦਾ ਹੈ ਤੇ ਨਾ ਲੈਣ ਵਾਲ਼ਿਆਂ ਨੂੰ। ਭਾਈ ਦਾ ਲਕਬ ਨਿੱਕੇ ਜਿਹੇ ਅਤੇ ਨਾਸਮਝ ਜਜ਼ਬਾਤੀ ਉਛਾਲ ਜਾਂ ਉਬਾਲ਼ ਦਾ ਪ੍ਰਗਟਾਵਾ ਬਣ ਕੇ ਰਹਿ ਗਿਆ ਹੈ। ਕਿਸੇ ਭਾਈ ਨੂੰ ਮਿਲਿਆਂ ਝੱਟ ਪਤਾ ਲੱਗ ਜਾਂਦਾ ਹੈ ਕਿ ਇਹ ਭਾਈ ਉਹ ਭਾਈ ਨਹੀਂ ਹੈ।

ਸਿੱਖ ਸਮਾਜ ਵਿਚ ਇਕ ਸੱਜਣ ਅਜਿਹੇ ਹਨ, ਜਿਹਨੂੰ ਦੇਖਣ ਤੋਂ ਪਤਾ ਲੱਗ ਜਾਂਦਾ ਹੈ ਕਿ ਇਹ ਹੈ ਉਹ ਭਾਈ। ਉਹਦੇ ਕੋਲ ਬਹਿਣ ਖਲੋਣ ਵੇਲੇ ਉਹਦੇ ਪਲਾਂ ਛਿਣਾ ਵਿਚ ਬਦਲਦੇ ਰੰਗ ਦੇਖ ਕੇ ਇੰਜ ਲਗਦਾ ਹੈ, ਜਿਵੇਂ ਅਸੀਂ ਕੋਈ ਕਲਾਇਡੋਸਕੋਪ ਦੇਖ ਰਹੇ ਹੋਈਏ।

ਕਦੇ ਉਹ ਸੂਰਜਵੱਤ ਸੇਕ ਅਤੇ ਪ੍ਰਕਾਸ਼ ਦਾ ਪ੍ਰਭਾਵ ਦਿੰਦਾ ਹੈ ਤੇ ਕਦੇ ਚੰਦਰਮਾ ਦੀ ਚਾਨਣੀ ਜਿਹੀ ਸੀਤਲਤਾ ਨਾਲ ਨਿਵਾਜਦਾ ਹੈ। ਉਹਦੇ ਕੋਲ ਬੈਠਿਆਂ ਕਦੀ ਏਦਾਂ ਲਗਦਾ ਹੈ, ਜਿਵੇਂ ਕੋਈ ਨਟ-ਖਟ ਬਾਂਕਾ ਬਾਲ ਹੋਵੇ ਤੇ ਕਦੀ ਜਿਵੇਂ ਸੰਗੀਤ ਦੀ ਛਹਿਬਰ ਲਾਈ ਬੈਠਾ ਕੋਈ ਗੰਧਰਬ ਹੋਵੇ। ਇਹ ਅਲਬੇਲਾ ਭਾਈ ਅਜਿਹੀ ਹਸਤੀ ਹੈ, ਜਿਹਦੇ ਸੰਦਰਭ ਏਨੇ ਹਨ ਕਿ ਪਤਾ ਹੀ ਨਹੀਂ ਲਗਦਾ ਕਿ ਇਹਨੂੰ ਕਿਸ ਕੋਣੋ ਤੋਂ ਦੇਖੀਏ। ਉਹਦਾ ਹਰ ਕੋਣ ਏਨਾ ਮੌਲਿਕ ਅਤੇ ਨਿਆਰਾ ਹੈ, ਕਿ ਉਹਨੂੰ ਮਿਲਿਆਂ ਹੀ ਪਤਾ ਲਗਦਾ ਹੈ। ਇਹ ਅਨੋਖਾ ਭਾਈ ਉਹ ਹੈ, ਜੋ ਸਿਰਫ਼ ਉਹੀ ਹੈ ਤੇ ਉਹ ਹੈ ਭਾਈ ਬਲਦੀਪ ਸਿੰਘ, ਜਿਹਦੇ ਬਾਰੇ ਕਿਹਾ ਜਾ ਸਕਦਾ ਹੈ: ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥

ਕੱਲ੍ਹ ਮੇਰੀ ਫੇਸਬੁੱਕ ਨੇ ਮੈਨੂੰ ਚੇਤੇ ਕਰਾਇਆ ਕਿ ਸੱਤ ਅੱਠ ਸਾਲ ਪਹਿਲਾਂ ਉਹ ਮੇਰੇ ਕੋਲ ਆਏ ਸਨ ਤੇ ਸਵੇਰੇ ਜਾਣ ਲੱਗਿਆਂ ਮੇਰੇ ਬੇਟੇ ਨੇ ਉਨ੍ਹਾਂ ਨਾਲ ਫ਼ੋਟੋ ਖਿਚਵਾਈ ਸੀ। ਮੈਂ ਉਹ ਫ਼ੋਟੋ ਕੱਲ੍ਹ ਉਨ੍ਹਾਂ ਨੂੰ ਭੇਜੀ ਤੇ ਨਾਲ ਲਿਖਿਆ: ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ...

ਰੱਬ ਦੀ ਕਰਨੀ ਸ਼ਾਮੀਂ ਚਾਰ ਵਜੇ ਉਨ੍ਹਾਂ ਦਾ ਫ਼ੋਨ ਆਇਆ ਕਿ ਉਹ ਅੰਮ੍ਰਿਤਸਰ ਤੋਂ ਚੱਲ ਪਏ ਹਨ ਤੇ ਆਪਾਂ ਕਿਤੇ ਇਕਾਂਤ ਵਿਚ ਮਿਲਣਾ ਹੈ। ਮੈਂ ਆਪਣੇ ਅਜ਼ੀਜ਼ ਹਰਪ੍ਰੀਤ ਨੂੰ ਵੀ ਸੱਦ ਲਿਆ ਤੇ ਅਸੀਂ ਅਸ਼ੀਸ਼ ਹੋਟਲ ਵਿਚ ਭਾਈ ਸਾਹਿਬ ਦਾ ਇੰਤਜ਼ਾਰ ਕਰਨ ਲੱਗੇ। ਉਹ ਦਿੱਤੇ ਸਮੇਂ ਤੇ ਆਏ ਤੇ ਅਸੀਂ ਦੇਖਦੇ ਹੀ ਰਹਿ ਗਏ। ਉਨ੍ਹਾਂ ਦੀ ਵੇਸ ਭੂਸ਼ਾ, ਚਾਲ ਢਾਲ, ਰੰਗ ਰੂਪ ਤੇ ਬੋਲ ਬਾਣੀ; ਜਿਵੇਂ ਗੁਰੂ ਨਾਨਕ ਦਾ ਕੋਈ ਸੰਗੀ ਆ ਗਿਆ ਹੋਵੇ; ਜਿਵੇਂ ਜਨਮ-ਸਾਖੀ ਦਾ ਕਿਰਦਾਰ ਸਾਕਾਰ ਹੋ ਗਿਆ ਹੋਵੇ।

ਰਤਾ ਖੁੱਲ ਮਿਲ ਜਾਵੇ ਤਾਂ ਕਹਿਣ ਨੂੰ ਜੀ ਕਰਦਾ ਹੈ, ਜਿਵੇਂ ਉਹ ਗੁਰਮਤਿ ਦਾ ਰਾਂਝਾ ਹੋਵੇ ਤੇ ਆਪਣੀ ਗੁਆਚੀ ਹੀਰ ਦੀ ਤਲਾਸ਼ ਕਰ ਰਿਹਾ ਹੋਵੇ। ਉਹ ਹੀਰ ਜੋ ਕਿਸੇ ਵੇਲੇ ਪੰਜਾਬ ਦੀ ਰੂਹ ਤੇ ਸਿੱਖੀ ਦੀ ਆਤਮਾ ਸੀ।

ਉਹਦੇ ਹੱਥ ਵਿਚ ਇਕ ਕਿਤਾਬ ਸੀ। ਏਡੀ ਕਿਤਾਬ ਭਾਈ ਬਲਦੀਪ ਸਿੰਘ ਦੇ ਹੱਥ ਵਿਚ ਹੀ ਹੋ ਸਕਦੀ ਹੈ ਤੇ ਉਸੇ ਦੇ ਹੱਥਾਂ ਵਿਚ ਸੋਭਦੀ ਹੈ। ਭਾਈ ਬਲਦੀਪ ਸਿੰਘ ਦੀ ਵਿਸ਼ਾਲ ਅਤੇ ਵਚਿੱਤਰ ਪ੍ਰਤਿਭਾ ਦੇ ਹਾਣ ਦੀ ਇਸ ਕਿਤਾਬ ਦਾ ਨਾਂ ਹੈ: ਗੁਰਬਾਣੀ ਸੰਗੀਤ ਪ੍ਰਾਚੀਨ ਕੀਰਤੀ ਮਾਲਾ।

ਵੱਡੇ ਅਕਾਰ ਵਾਲੀ ਇਸ ਕਿਤਾਬ ਵਿਚ ਭਾਈ ਸਾਹਿਬ ਨੇ ਗੁਰਮਤਿ ਸੰਗੀਤ ਦੀਆਂ ਗੁਆਚੀਆਂ ਪੈੜਾਂ ਕਦਮ ਬਾਕਦਮ ਪਛਾਣ ਕੇ ਇਸ ਕਿਤਾਬ ਵਿਚ ਸਾਂਭ ਲਈਆਂ ਹਨ ਤੇ ਹੁਣ ਉਹ ਕਿਸੇ

ਫ਼ਕੀਰ ਦੀ ਤਰਾਂ ਦਰ ਦਰ ਹੋਕਾ ਦੇ ਰਹੇ ਹਨ ਕਿ ਇਸ ਕਿਤਾਬ ਦਾ ਕੋਈ ਕਦਰਦਾਨ ਮਿਲ ਜਾਵੇ।

ਉਹ ਬੜੇ ਪਰੇਸ਼ਾਨ ਨਜ਼ਰ ਆ ਰਹੇ ਸਨ ਕਿਉਂਕਿ ਪੰਜਾਬ ਨੇ ਤਾਂ ਕਿਤਾਬ ਤੋਂ ਕਦੋਂ ਦਾ ਮੁੱਖ ਮੋੜ ਲਿਆ ਹੋਇਆ ਹੈ। ਉਨ੍ਹਾਂ ਦੀ ਪਰੇਸ਼ਾਨੀ ਨਿਰਾਸ਼ਾਜਨਕ ਨਹੀਂ, ਬਲਕਿ ਬੜੀ ਹੀ ਉਤਸ਼ਾਹਿਤ ਕਰਨ ਵਾਲੀ ਹੈ। ਉਨ੍ਹਾਂ ਦੀ ਪਰੇਸ਼ਾਨੀ ਦੱਸਦੀ ਹੈ ਕਿ ਉਨ੍ਹਾਂ ਨੂੰ ਗੁਰਾਂ ਦੇ ਨਾਂ 'ਤੇ ਜੀਣ ਥੀਣ ਵਾਲੇ ਪੰਜਾਬ ਨਾਲ ਕਿੰਨਾ ਮੋਹ ਹੈ ਤੇ ਕਿੰਨਾ ਤੇਹ ਹੈ।

ਮੈਨੂੰ ਯਾਦ ਆਇਆ ਕਿ ਜਦ ਉਹ ਆਮ ਆਦਮੀ ਪਾਰਟੀ ਦੀ ਤਰਫ਼ੋਂ, ਪਾਰਲੀਮਾਨੀ ਚੋਣਾਂ ਜ਼ਰੀਏ, ਖਡੂਰ ਸਾਹਿਬ ਤੋਂ ਪੰਜਾਬ ਦੀ ਬਿਹਤਰੀ ਦਾ ਸੁਪਨਾ ਦੇਖ ਰਹੇ ਸਨ ਤਾਂ ਉਹ ਅਕਸਰ ਆਖਦੇ ਸਨ ਕਿ ਉਹ 'ਚੋਣ ਲੜਨ ਨਹੀਂ ਖੇਲ੍ਹਣ ਆਏ ਹਨ'। ਪਹਿਲੀ ਵਾਰੀ ਕਿਸੇ ਨੇ ਚੋਣਾਂ ਨੂੰ ਇਸ ਮੁਹਾਵਰੇ ਵਿਚ ਸਮਝਣ ਤੇ ਸਮਝਾਉਣ ਦੀ ਕੋਸ਼ਿਸ਼ ਕੀਤੀ।

ਉਦੋਂ ਉਨ੍ਹਾਂ ਨੇ ਬੜੀ ਹੀ ਪਰੇਸ਼ਾਨ ਜਿਹੀ ਆਜਿਜ਼ੀ ਵਿਚ ਦੱਸਿਆ ਸੀ ਕਿ ਚੋਣ ਪ੍ਰਚਾਰ ਕਰਦਿਆਂ ਜਦ ਕਿਤੇ ਉਨ੍ਹਾਂ ਦਾ ਉਨ੍ਹਾਂ ਲੋਕਾਂ ਨਾਲ ਸਾਹਮਣਾ ਹੁੰਦਾ ਹੈ, ਜਿਹੜੇ ਪੰਜਾਬ ਨੂੰ ਆਪਣੀ ਜ਼ਰਖ਼ਰੀਦ ਰਖੇਲ ਸਮਝਦੇ ਹਨ ਤਾਂ ਉਹ ਭਾਈ ਸਾਹਿਬ ਨੂੰ ਅਜਿਹੇ ਇਸ਼ਾਰੇ ਕਰਕੇ ਲੰਘਦੇ ਹਨ, ਜਿਹੋ ਜਿਹੇ ਇੱਥੇ ਦੱਸੇ ਵੀ ਨਹੀਂ ਜਾ ਸਕਦੇ।

ਮੈਂ ਭਾਈ ਸਾਹਿਬ ਨੂੰ ਦੱਸਿਆ ਕਿ ਇਹ ਉਹੀ ਪੰਜਾਬ ਹੈ, ਜਿਹੜਾ ਤੁਸੀਂ ਖਡੂਰ ਸਾਹਿਬ ਦੀ ਪਾਰਲੀਮਾਨੀ ਚੋਣ ਵੇਲੇ ਦੇਖਿਆ ਸੀ। ਗੁਰਾਂ ਦੇ ਨਾਂ ਨਾਲ ਜੀਣ ਵਾਲਾ ਪੰਜਾਬ ਹੁਣ ਗੁਰੂ ਦੇ ਨਾਂ ਨਾਲ ਹੀ ਮਾਰ ਦਿੱਤਾ ਗਿਆ ਹੈ ਤੇ ਇਹ ਹੁਣ ਇਹ ਉਮੀਦ ਬਿਲਕੁਲ ਨਾ ਰੱਖੋ ਕਿ ਇੱਥੇ ਗੁਰਾਂ ਦੇ ਨਾਂ ਨਾਲ ਜੀਣ ਦਾ ਹੋਕਾ ਦੇਣ ਵਾਲੀ ਕਿਤਾਬ ਦਾ ਕੋਈ ਕਦਰਦਾਨ ਹੋਵੇਗਾ।

ਮੈਂ ਦੱਸਿਆ ਕਿ ਹੁਣ ਗੁਰਾਂ ਦੇ ਨਾਂ ਦਾ ਤਰਜਮਾ ਡਾਂਗਾਂ ਸੋਟਿਆਂ ਤੇ ਗੰਡਾਸਿਆਂ ਵਿਚ ਹੋ ਚੁੱਕਾ ਹੈ। ਜਿੱਥੇ ਗੱਲ ਦਾ ਅਰਥ ਗਾਲ਼ ਹੋ ਗਿਆ ਹੋਵੇ, ਉੱਥੇ ਸੰਗੀਤ ਦੀ ਗੱਲ ਕਰਨੀ ਬੇਮਾਅਨਾ ਹੋ ਗਈ ਹੈ। ਉਹ ਮੇਰੀ ਗੱਲ ਸੁਣ ਕੇ ਨਿਰਾਸ਼ ਨਹੀਂ ਹੋਏ, ਬਲਕਿ ਉਨ੍ਹਾਂ ਦੀਆਂ ਅੱਖਾਂ ਹੋਰ ਚਮਕ ਪਈਆਂ, ਜਿਵੇਂ ਕਹਿ ਰਹੀਆਂ ਹੋਣ ਰਾਤ ਜਿਤਨੀ ਸੰਗੀਨ ਹੋਗੀ, ਸੁਬਹ ਉਤਨੀ ਰੰਗੀਨ ਹੋਗੀ।

ਉਹ ਕਹਿਣ ਲੱਗੇ ਕਿ ਹੁਣ ਹੀ ਤਾਂ ਸਮਾਂ ਹੈ ਕੁਝ ਕਹਿਣ ਦਾ ਤੇ ਲਿਖਣ ਦਾ; ਹੁਣ ਹੀ ਤਾਂ ਸਮਾਂ ਹੈ ਗੁਰੂ ਨਾਨਕ ਦੀਆਂ ਸੰਗੀਤਕ ਪੈੜਾਂ ਦੇ ਖੁਰੇ ਖੋਜਣ ਦਾ ਤੇ ਪੰਜਾਬ ਨੂੰ ਮੁੜ ਉਸੇ ਰਾਹ ਤੋਰਨ ਦਾ।

ਅਸੀਂ ਅਸ਼ੀਸ਼ ਹੋਟਲ ਵਿਚ ਛੇ ਵਜੇ ਬੈਠੇ ਤੇ ਪਤਾ ਹੀ ਨਾ ਲੱਗਿਆ ਜਦ ਦਸ ਵੱਜ ਗਏ। ਭਾਈ ਸਾਹਿਬ ਕਦੇ ਘੜੀ ਨਹੀਂ ਦੇਖਦੇ ਤੇ ਨਾ ਹੀ ਦੇਖਣ ਦਿੰਦੇ ਹਨ। ਕੋਈ ਸੰਗੀਤ ਦੀ ਮਹਿਫ਼ਲ ਲਾਉਂਦਾ ਹੈ, ਪਰ ਭਾਈ ਸਾਹਿਬ ਨੇ ਹੋਟਲ ਵਿਚ ਹੀ ਸੰਗੀਤ ਦੀ ਛਹਿਬਰ ਲਗਾ ਦਿੱਤੀ। ਕਈ ਖਾਣਾ ਖਾਣ ਆਏ ਆਪਣਾ ਖਾਣਾ ਭੁੱਲ ਕੇ ਭਾਈ ਸਾਹਿਬ ਨੂੰ ਸੁਣਨ ਵਿਚ ਮਸਰੂਫ਼ ਹੋ ਗਏ ਤੇ ਅਖੀਰ ਵਿਚ ਭਾਈ ਸਾਹਿਬ ਨਾਲ ਫ਼ੋਟੋਆਂ ਖਿਚਵਾਉਣ ਲਈ ਕਿੰਨੀ ਦੇਰ ਉਡੀਕ ਕਰਦੇ ਰਹੇ। ਅਖੀਰ ਉੱਥੇ ਖੜ੍ਹੇ ਖੜ੍ਹੇ ਵੀ ਗਿਆਨ ਧਿਆਨ ਦੀਆਂ ਉਹ ਘੁੰਡੀਆਂ ਖੋਲ੍ਹ ਖੋਲ੍ਹ ਸਮਝਾਉਂਦੇ ਰਹੇ, ਜਿਹੜੀਆਂ ਸ਼ਾਇਦ ਹੀ ਕੋਈ ਹੋਰ ਖੋਲ੍ਹ ਸਕੇ।

ਕੋਈ ਸੋਚ ਸਕਦਾ ਹੈ ਕਿ ਇਨ੍ਹਾਂ ਚਾਰ ਪੰਜ ਘੰਟਿਆਂ ਵਿਚ ਅਸੀਂ ਪਤਾ ਨਹੀਂ ਕਿੰਨਾ ਕੁਝ

ਖਾ ਪੀ ਲਿਆ ਹੋਵੇਗਾ ਤੇ ਪਤਾ ਨਹੀਂ ਕਿੰਨਾ ਵੱਡਾ ਬਿੱਲ ਬਣ ਗਿਆ ਹੋਵੇਗਾ। ਲੋਕ ਸਮਝਦੇ ਹਨ ਕਿ ਹੋਟਲ ਵਿਚ ਤਾਂ ਸਿਰਫ਼ ਖਾਣ ਲਈ ਜਾਂ ਰਹਿਣ ਲਈ ਜਾਈਦਾ ਹੈ। ਪਰ ਭਾਈ ਸਾਹਿਬ ਤਾਂ ਸਿਰਫ਼ ਕੁਝ ਕਹਿਣ ਲਈ ਆਏ ਸਨ। ਤੇ ਕਹਿਣ ਲਈ ਕੁਝ ਚਿਰ ਬਹਿਣ ਦੀ ਮਜਬੂਰੀ ਸੀ। ਅਸੀਂ ਸਿਰਫ਼ ਤਿੰਨ ਕੱਪ ਚਾਹ ਦੇ ਪੀਤੇ ਤੇ ਜਾਣ ਲੱਗਿਆਂ ਭਾਈ ਸਾਹਿਬ ਨੇ ਥੰਮਜ਼ਅੱਪ ਦਾ ਘੁੱਟ ਪੀਤਾ। ਚਾਰ ਸਾਢੇ ਚਾਰ ਘੰਟੇ ਦਾ ਬਿੱਲ ਬਣਿਆ ਸਿਰਫ਼ ਇਕ ਸੌ ਉਣੱਤਰ ਰੁਪਏ। ਹੋਟਲ ਵਾਲੇ ਕਦੇ ਮੇਰੇ ਵੱਲ ਦੇਖਣ, ਕਦੇ ਭਾਈ ਸਾਹਿਬ ਵੱਲ ਤੇ ਕਦੇ ਬਿੱਲ ਵੱਲ ਦੇਖਣ। ਆਉਣ ਵੇਲੇ ਉਹ ਮੈਨੂੰ ਪੁੱਛਣ ਲੱਗੇ ਕਿ ਬਾਬਾ ਜੀ ਦੇ ਹੱਥ ਵਿਚ ਕੀ ਸੀ। ਮੈਂ ਦੱਸਿਆ ਕਿ ਉਹ ਕਿਤਾਬ ਹੈ। ਹੋਟਲ ਵਾਲੇ ਸਮਝ ਗਏ ਕਿ ਬਿੱਲ ਏਨਾ ਘੱਟ ਕਿਉਂ ਹੈ। ਉਹ ਸਮਝ ਗਏ ਕਿ ਪੜ੍ਹਨ ਲਿਖਣ ਵਾਲਿਆਂ ਕੋਲ਼ੋਂ ਪੈਸੇ ਨਹੀਂ ਕਮਾਏ ਜਾ ਸਕਦੇ।

ਭਾਈ ਬਲਦੀਪ ਸਿੰਘ ਜੀ ਆਪਣੀ ਕਿਤਾਬ ਲੈ ਕੇ ਪੰਜਾਬ ਵਿਚ ਆਏ ਹਨ। ਗੁਰਾਂ ਦਾ ਨਾਮ ਲੇਵਾ ਸੰਗੀਤ ਪ੍ਰੇਮੀਆਂ ਦਾ ਫ਼ਰਜ਼ ਤਾਂ ਬਣਦਾ ਹੀ ਹੈ ਕਿ ਉਹ ਇਸ ਕਿਤਾਬ ਦਾ ਇਸਤਿਕਬਾਲ ਕਰਨ। ਭਾਈ ਸਾਹਿਬ ਦੀ ਇਹ ਕਿਤਾਬ ਤੇਤੀ ਸੌ ਚੁਰੰਜਾ ਸਫ਼ੇ ਦੀ ਹੈ ਤੇ ਇਹਦਾ ਭਾਰ ਸਾਢੇ ਪੰਦਰਾਂ ਕਿੱਲੋ ਹੈ। ਇਸ ਕਿਤਾਬ ਵਿਚਲਾ ਗਿਆਨ ਭਾਈ ਸਾਹਿਬ ਦੀ ਹਾਰਦਿਕ ਮਿਹਨਤ ਦਾ ਖੇਤਰਫਲ ਹੈ। ਇਸ ਕਿਤਾਬ ਨੂੰ ਦੇਖ ਕੇ ਲਗਦਾ ਹੈ ਜਿਵੇਂ ਭਾਈ ਸਾਹਿਬ ਨੇ ਪੰਜਾਬ ਸਿਰ ਚੜ੍ਹਿਆ ਕਿਤਾਬ ਦਾ ਕਰਜ਼ ਇਸ ਇੱਕੋ ਕਿਤਾਬ ਨਾਲ ਉਤਾਰ ਦਿੱਤਾ ਹੋਵੇ। ਭਾਈ ਸਾਹਿਬ ਦੀ ਆਪਣੀ ਨਜ਼ਰ ਵਿਚ ਇਹ ਕਿਤਾਬ ਗੁਰਮਤਿ ਦੀ ਅਡੈਡੰਮ ਹੈ ਤੇ ਅਡੈਡੰਮ ਦੇ ਅਰਥ ਦੇਖਣ ਦੀ ਖੇਚਲ਼ ਖ਼ੁਦ ਕਰੋ।

ਬਾਹੂਬਲੀ ਬਣੇ ਪੰਜਾਬ ਲਈ ਏਨਾ ਕੁ ਭਾਰ ਚੁੱਕ ਸਕਣਾ ਤੇ ਸਹਿ ਸਕਣਾ ਬਿਲਕੁਲ ਮੁਸ਼ਕਲ ਨਹੀਂ ਹੈ। ਪਰ ਗਿਆਨ ਪੱਖੋਂ ਸੱਖਣੇ ਹੋ ਚੁੱਕੇ ਪੰਜਾਬ ਲਈ ਇਸ ਕਿਤਾਬ ਵਿਚਲੇ ਗਿਆਨ ਦਾ ਭਾਰ ਚੁੱਕਣਾ ਲਗਭਗ ਅਸੰਭਵ ਹੀ ਹੈ।

ਫਿਰ ਵੀ ਆਪਣੀ ਇਸ ਘੋਰ ਨਿਰਾਸ਼ਾ ਨੂੰ ਪਾਸੇ ਰੱਖ ਕੇ ਮੈਂ ਫ਼ਰਿਆਦ ਕਰਨੀ ਚਾਹੁੰਦਾ ਹਾਂ ਕਿ ਭਾਈ ਸਾਹਿਬ ਦੀ ਇਸ ਅਲੋਕਾਰੀ ਕਿਤਾਬ ਦੇ ਦਰਸ਼ਨ ਜ਼ਰੂਰ ਕੀਤੇ ਜਾਣ। ਇਸ ਨੂੰ ਛੂਹ ਕੇ ਦੇਖਿਆ ਜਾਵੇ ਤੇ ਹੋ ਸਕੇ ਤਾਂ ਕੰਮ ਸੇ ਕੰਮ ਇਸ ਦਾ ਵਾਕ ਲੈ ਕੇ ਦੇਖਿਆ ਜਾਵੇ। ਅਗਰ ਇਸ ਕਿਤਾਬ ਵਿਚ ਦੰਮ ਹੋਇਆ ਤਾਂ ਇਹ ਖ਼ੁਦ-ਬਖ਼ੁਦ ਸਾਨੂੰ ਆਪਣੇ ਮਗਰ ਲਗਾ ਲਵੇਗੀ ਤੇ ਪੜ੍ਹੀ ਜਾਵੇਗੀ।

ਫ਼ੋਨ: 9417518384

# ਪੰਜਾਬ ਦਾ ਲੋਕ ਸੰਗੀਤ

**ਅਜੈਪਾਲ ਸਿੰਘ**

ਜਿਵੇਂ ਕਿ ਨਾਮ ਤੋਂ ਹੀ ਸਪੱਸ਼ਟ ਹੁੰਦਾ ਹੈ ਕਿ ਲੋਕ ਸੰਗੀਤ ਦਾ ਸਿੱਧਾ ਸੰਬੰਧ ਲੋਕਾਂ ਨਾਲ ਹੈ। ਅਜਿਹਾ ਸੰਗੀਤ ਜੋ ਸਾਰੇ ਲੋਕਾਂ ਦੁਆਰਾ ਉਤਪੰਨ ਹੋਵੇ, ਲੋਕਾਂ ਦੇ ਨਿੱਤਪ੍ਰਤੀ ਜੀਵਨ ਵਿਚ ਉਪਯੋਗੀ ਹੋਵੇ, ਲੋਕਾਂ ਦੀ ਸਧਾਰਨ ਬੋਲਚਾਲ ਦੀ ਭਾਸ਼ਾ ਵਿਚ ਹੋਵੇ ਅਤੇ ਲੋਕਾਂ ਦੀਆਂ ਭਾਵਨਾਵਾਂ ਦਾ ਸਹਿਜ ਪ੍ਰਗਟਾਵਾ ਕਰਦਾ ਹੋਵੇ, ਉਹ ਲੋਕ ਸੰਗੀਤ ਕਹਾਉਂਦਾ ਹੈ।

ਮਨੁੱਖ ਇਕ ਭਾਵਨਾਸ਼ੀਲ ਪ੍ਰਾਣੀ ਹੈ ਅਤੇ ਸੁਭਾਅ ਤੋਂ ਹੀ ਆਪਣੀਆਂ ਭਾਵਨਾਵਾਂ ਜਾਂ ਅੰਤਰਿਕ ਉਦਗਾਰਾਂ ਨੂੰ ਦੂਜਿਆਂ ਦੇ ਸਾਹਮਣੇ ਪ੍ਰਗਟਾਉਣ ਦੀ ਇੱਛਾ ਰੱਖਦਾ ਹੈ। ਆਪਣੇ ਆਲੇ ਦੁਆਲੇ ਉਹ ਜੋ ਅਨੁਭਵ ਕਰਦਾ ਹੈ ਉਸਨੂੰ ਸਹਿਜ ਰੂਪ ਵਿਚ ਵਾਣੀ ਦੁਆਰਾ ਪ੍ਰਗਟਾਉਂਦਾ ਹੈ। ਵਾਣੀ ਦੁਆਰਾ ਇਸੇ ਭਾਵ ਪ੍ਰਗਟਾਵੇ ਤੋਂ ਗੀਤਾਂ ਦਾ ਜਨਮ ਹੁੰਦਾ ਹੈ। ਜਦੋਂ ਇਹੀ ਗੀਤ ਮਾਨਵ ਦੀ ਸਹਿਜ ਪ੍ਰਵਿਰਤੀ ਤੋਂ ਉਤਪੰਨ ਹੋ ਕੇ ਸਰਲ ਸਵਰ ਅਤੇ ਸ਼ਬਦ ਰਚਨਾ ਦਾ ਰੂਪ ਧਾਰਨ ਕਰ ਲੈਂਦੇ ਹਨ ਤਾਂ ਉਹ ਲੋਕ ਸੰਗੀਤ ਕਹਾਉਂਦੇ ਹਨ।

ਲੋਕ ਗੀਤ, ਨਾਚ ਗੀਤ, ਨਾਟ ਗੀਤ, ਕਥਾ ਗੀਤ, ਗ੍ਰਾਮੀਣ ਗੀਤ, ਵਰਤ ਅਤੇ ਤਿਉਹਾਰ ਦੇ ਗੀਤ ਮੇਲੇ ਤੇ ਉਤਸਵਾਂ ਦੇ ਗੀਤ ਵਿਆਹ ਆਦਿ ਸੰਸਕਾਰਾਂ ਦੇ ਸਮੇਂ ਗਾਏ ਜਾਣ ਵਾਲੇ ਗੀਤ ਅਤੇ ਉਹ ਸਾਰੇ ਗੀਤ ਜੋ ਸ਼ਾਸਤਰੀ ਨਿਯਮਾਂ ਦੇ ਬੰਧਨ ਤੋਂ ਮੁਕਤ ਹੋਣ, ਲੋਕ ਗੀਤਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ।

## ਲੋਕ ਸੰਗੀਤ ਦੀ ਉਤਪਤੀ

ਲੋਕ ਗੀਤ ਆਪਣੇ ਆਪ ਬਣਦੇ ਜਾਂਦੇ ਹਨ। ਜੀਵਨ ਦੇ ਹਰ ਉਤਸਵ ਨਾਲ ਸੰਬੰਧਤ ਗੀਤਾਂ ਦੀ ਰਚਨਾ ਆਪ ਮੁਹਾਰੇ ਹੁੰਦੀ ਰਹਿੰਦੀ ਹੈ। ਲੋਕ ਸੰਗੀਤ ਦੀ ਉਤਪਤੀ ਕਰੋੜਾਂ ਵਰ੍ਹੇ ਪੂਰਵ ਮਾਨਵ ਦੁਆਰਾ ਹੋਈ। ਗੀਤਾਂ ਦੇ ਨਿਰਮਾਣ ਤੋਂ ਬਾਅਦ ਕੁਝ ਖਾਸ ਵਿਅਕਤੀਆਂ ਦੁਆਰਾ ਉਹਨਾਂ ਦੀ ਸੁਰ ਰਚਨਾ ਤਿਆਰ ਕੀਤੀ ਗਈ। ਕੁਝ ਗੀਤਾਂ ਦੀਆਂ ਧੁਨਾਂ ਇੰਨੀਆਂ ਪ੍ਰਭਾਵਸ਼ਾਲੀ ਸਨ ਜਿਸਨੇ ਕਿਸੇ ਵਿਸ਼ਿਸ਼ਟ ਵਿਅਕਤੀ ਨੂੰ ਪ੍ਰਭਾਵਿਤ ਕੀਤਾ। ਜਿਸਨੇ ਉਸਨੂੰ ਸ਼ਾਸਤਰ ਦਾ ਰੂਪ ਪ੍ਰਦਾਨ ਕਰਕੇ ਉਸ ਤੇ ਆਧਾਰਿਤ ਸੰਗੀਤ ਦੇ ਵਿਕਸਿਤ ਰੂਪ ਨੂੰ ਸ਼ਾਸਤਰੀ ਸੰਗੀਤ ਦਾ ਨਾਮ ਦਿੱਤਾ। ਸ਼ਾਸਤਰੀ ਸੰਗੀਤ ਨੂੰ ਲੋਕ ਸੰਗੀਤ ਦਾ ਵਿਕਸਿਤ ਰੂਪ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਸਦੀਆਂ ਤੋਂ ਦੋਵੇਂ ਆਪਣੀ ਆਪਣੀ ਨਿਵੇਕਲੀ ਪਹਿਚਾਣ ਬਣਾਈ ਰੱਖ ਕੇ ਚੱਲੇ ਆ ਰਹੇ ਹਨ। ਜਿਵੇਂ ਕਿਸੇ ਮਜਦੂਰ ਨੂੰ ਡਾਕਟਰ ਦੀ ਪੁਸ਼ਾਕ ਪਹਿਨਾ ਦਿੱਤੀ ਜਾਵੇ ਅਤੇ ਡਾਕਟਰ ਦੇ ਸਥਾਨ ਤੇ ਵੀ ਬਿਠਾ ਦਿੱਤਾ ਜਾਵੇ, ਵੇਖਣ ਨੂੰ ਤਾਂ ਉਹ ਡਾਕਟਰ ਲੱਗੇਗਾ ਪਰ ਗੱਲਬਾਤ ਵਿਚ ਉਸਦੇ ਗੁਣ ਪ੍ਰਗਟ ਹੋਣ ਤੋਂ ਨਹੀਂ ਰਹਿਣਗੇ। ਉਸਦੀ ਅਸਲੀਅਤ ਛੁਪੀ ਨਹੀਂ ਰਹਿ ਸਕਦੀ। ਜਿਵੇਂ ਸ਼ਹਿਰੀ ਅਤੇ ਪਿੰਡਾਂ ਦਾ ਸੱਭਿਆਚਾਰ ਵੱਖਰਾ ਹੈ ਇਸਤਰ੍ਹਾਂ ਲੋਕ ਸੰਗੀਤ ਅਤੇ ਸ਼ਾਸਤਰੀ ਸੰਗੀਤ ਵਿਚ ਵੀ ਭੇਦ ਹੈ ਜੋ ਇਕ ਦੂਸਰੇ ਤੋਂ ਵੱਖਰਾ ਕਰਦੇ ਹਨ।

## ਲੋਕ ਸੰਗੀਤ ਦੀ ਸ਼ਾਸਤਰੀ ਸੰਗੀਤ ਨੂੰ ਦੇਣ

ਕਈ ਵਿਦਵਾਨਾਂ ਦਾ ਮੱਤ ਹੈ ਕਿ ਲੋਕ ਸੰਗੀਤ ਸ਼ਾਸਤਰੀ ਸੰਗੀਤ ਦੀ ਜਣਨੀ ਹੈ। ਕਈ ਰਾਗ ਜਿਵੇਂ ਮੁਲਤਾਨੀ, ਭੁਪਾਲੀ, ਪਹਾੜੀ, ਕਾਫੀ, ਤਿਲੰਗ, ਖਮਾਜ਼, ਮਾਂਡ, ਆਸਾ, ਸ਼ਿਵਰੰਜਨੀ ਆਦਿ ਲੋਕ ਸੰਗੀਤ ਦੀ ਹੀ ਦੇਣ ਹਨ। ਪਰ ਇਹ ਦਲੀਲ ਸੌ ਫੀਸਦੀ ਸਹੀ ਨਹੀਂ ਹੈ ਕਿਉਂਕਿ ਹਰੇਕ ਲੋਕ ਗੀਤ ਦੀ ਤਰਜ਼ ਵਿਚ

ਚਾਰ-ਪੰਜ ਸੁਰ ਜ਼ਰੂਰ ਲੱਗਦੇ ਹਨ। ਉਹ ਸੁਰ ਕਿਸੇ ਨਾ ਕਿਸੇ ਰਾਗ ਵਿਚ ਪ੍ਰਯੋਗ ਹੁੰਦੇ ਹਨ। ਲੋਕ ਗੀਤਾਂ ਵਿਚ ਗ੍ਰਾਮੀਣ ਜਨਤਾ ਦੀ ਨਿਤਪ੍ਰਤੀ ਦੀਆਂ ਕਿਰਿਆਵਾਂ ਦਾ ਵਰਣਨ ਹੁੰਦਾ ਹੈ ਜਿਵੇਂ ਖੂਹ ਤੋਂ ਪਾਣੀ ਭਰਨਾ, ਚਰਖਾ ਕੱਤਣਾ, ਫਸਲ ਕੱਟਣੀ ਜਾਂ ਬੀਜਣੀ, ਹਲ਼ ਵਾਹੁਣਾ, ਵਿਆਹ ਸ਼ਾਦੀ ਦੇ ਗੀਤ, ਬਰਾਦਰੀ ਮਿਲਣੀ, ਸਿੱਠਣੀਆਂ, ਸੁਹਾਗ, ਡੋਲੀ ਦੀ ਵਿਦਾਈ ਦੇ ਗੀਤ ਆਦਿ ਦਾ ਉਲੇਖ ਹੁੰਦਾ ਹੈ।

ਲੋਕ ਗੀਤ ਪੂਰਨ ਰੂਪ ਵਿਚ ਸੁਖ ਦੇਣ ਵਾਲੇ ਜਾਂ ਆਨੰਦ ਪ੍ਰਦਾਨ ਕਰਨ ਵਾਲੇ ਹੁੰਦੇ ਹਨ। ਇਹਨਾਂ ਵਿਚ ਕਿਸੇ ਬਾਹਰੀ ਅਡੰਬਰ ਦੀ ਜ਼ਰੂਰਤ ਨਹੀਂ ਹੁੰਦੀ, ਇਸਲਈ ਇਹ ਦਿਲ ਦੀਆਂ ਗਹਿਰਾਈਆਂ ਨੂੰ ਛੂਹ ਜਾਂਦੇ ਹਨ। ਲੋਕ ਗੀਤ ਕਿਸੇ ਸਾਜ਼ ਤੋਂ ਬਿਨ੍ਹਾਂ ਵੀ ਪ੍ਰਭਾਵਸ਼ਾਲੀ ਲੱਗਦੇ ਹਨ, ਜਿਵੇਂ ਆਟੇ ਦੀ ਚੱਕੀ ਦੀ ਘਰਘਰਾਹਟ ਪੇਂਡੂ ਇਸਤਰੀ ਦੇ ਕੋਇਲ ਜਿਹੇ ਕੰਠ ਨਾਲ ਮਿਲ ਕੇ ਸਾਜ਼ ਦਾ ਰੂਪ ਧਾਰਨ ਕਰ ਲੈਂਦੀ ਹੈ। ਬੈਲਗੱਡੀ ਚਲਾਉਣ ਵਾਲਾ ਬੈਲਾਂ ਦੀਆਂ ਘੰਟੀਆਂ ਅਤੇ ਖੁਰਾਂ ਦੀ ਅਵਾਜ਼ ਨਾਲ ਆਪਣਾ ਸੁਰ ਮਿਲਾ ਲੈਂਦਾ ਹੈ। ਧੋਬੀ ਕੱਪੜੇ ਦੀ ਫੱਟ-ਫੱਟ ਅਤੇ ਭਾਂਡੇ ਮਾਂਜਣ ਵਾਲੀ ਇਸਤਰੀ ਭਾਂਡਿਆਂ ਦੀ ਖਣਖਣਾਹਟ ਨੂੰ ਹੀ ਆਪਣੇ ਗੀਤਾਂ ਦਾ ਮਾਧਿਅਮ ਬਣਾ ਲੈਂਦੀ ਹੈ। ਪ੍ਰਕਿਰਤੀ ਦੀ ਸੁੰਦਰਤਾ ਨੂੰ ਦੇਖ ਕੇ, ਅਸਮਾਨ ਤੇ ਛਾਏ ਬੱਦਲਾਂ ਨੂੰ ਦੇਖ ਕੇ ਇਕ ਆਮ ਵਿਅਕਤੀ ਵੀ ਝੂਮਦਾ ਅਤੇ ਆਪਣੇ ਮਨ ਦੀ ਮੰਗ ਨੂੰ ਆਪਣੇ ਸਰਲ ਸ਼ਬਦਾਂ ਵਿਚ ਸਧਾਰਨ ਧੁਨ ਵਿਚ ਅਲਾਪਦਾ ਹੈ। ਧਰਤੀ ਤੇ ਉੱਗੇ ਸੋਨੇ ਨੂੰ ਵੇਖ ਕੇ ਕਿਸਾਨ ਮਸਤ ਹੋ ਜਾਂਦਾ ਹੈ ਅਤੇ ਆਪਣੀ ਮਸਤੀ ਵਿਚ ਗਾਉਣ ਲੱਗ ਪੈਂਦਾ ਹੈ। ਕਹਿਣ ਦਾ ਭਾਵ ਹੈ ਕਿ ਲੋਕ ਸੰਗੀਤ ਮਨ ਦੇ ਉਦਗਾਰਾਂ ਨੂੰ ਸੁਭਾਵਿਕ ਰੂਪ ਵਿਚ ਪ੍ਰਗਟ ਕਰਦਾ ਹੈ।

### ਲੋਕ ਸੰਗੀਤ ਦੀਆਂ ਵਿਸ਼ੇਸ਼ਤਾਵਾਂ

1. ਲੋਕ ਧੁਨਾਂ ਆਮ ਤੌਰ ਤੇ ਚਾਰ-ਪੰਜ ਸੁਰਾਂ ਤੇ ਆਧਾਰਿਤ ਹੁੰਦੀਆਂ ਹਨ।
2. ਇਸਦੀ ਭਾਸ਼ਾ ਜਨ ਸਧਾਰਨ ਦੀ ਆਮ ਵਰਤੋਂ ਵਿਚੋਂ ਪ੍ਰਯੋਗ ਹੋਣ ਵਾਲੀ ਹੁੰਦੀ ਹੈ।
3. ਹਰੇਕ ਪ੍ਰਾਂਤ, ਖੇਤਰ, ਦੇਸ਼ ਦੇ ਲੋਕ ਗੀਤ ਉਥੋਂ ਦੀ ਪੇਂਡੂ ਬੋਲੀ ਵਿਚ ਹੁੰਦੇ ਹਨ।
4. ਲੋਕ ਸੰਗੀਤ ਲੈਅ ਪ੍ਰਧਾਨ ਹੁੰਦਾ ਹੈ।
5. ਲੋਕ ਸੰਗੀਤ ਵਿਚ ਸਾਜ਼ਾਂ ਦਾ ਪ੍ਰਯੋਗ ਵੀ ਉਸ ਪ੍ਰਾਂਤ ਦੇ ਲੋਕ ਸਾਜ਼ਾਂ ਦਾ ਹੀ ਕੀਤਾ ਜਾਂਦਾ ਹੈ।
6. ਲੋਕ ਸੰਗੀਤ ਦੀਆਂ ਧੁਨਾਂ ਬੜੀਆਂ ਸਰਲ ਅਤੇ ਦਿਲ-ਖਿੱਚਵੀਆਂ ਹੁੰਦੀਆਂ ਹਨ।
7. ਲੋਕ ਸੰਗੀਤ ਵਿਚ ਰਾਗ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਹੁੰਦਾ।

### .ਲੋਕ ਸੰਗੀਤ ਦੀ ਪ੍ਰਕਿਰਤੀ

ਲ਼ੋਕ ਸੰਗੀਤ ਦੀ ਪ੍ਰਕਿਰਤੀ ਸਰਲ ਤੇ ਸੁਭਾਵਿਕ ਹੁੰਦੀ ਹੈ। ਇਹ ਛੇਤੀ ਹੀ ਗ੍ਰਹਿਣ ਹੋ ਜਾਂਦਾ ਹੈ। ਇਸਨੂੰ ਸਿੱਖਣ ਲਈ ਕਿਸੇ ਵਿਸ਼ੇਸ਼ ਯਤਨਾਂ ਦੀ ਜ਼ਰੂਰਤ ਨਹੀਂ ਹੁੰਦੀ ਸਗੋਂ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਸੁਭਾਵਿਕ ਰੂਪ ਵਿਚ ਪਹੁੰਚਦਾ ਰਹਿੰਦਾ ਹੈ। ਲੋਕ ਸੰਗੀਤ ਵਿਚ ਸਖ਼ਤ ਨਿਯਮ ਨਹੀਂ ਹੁੰਦੇ ਹਾਲਾਂਕਿ ਇਹਨਾਂ ਗੀਤਾਂ ਅਤੇ ਗਾਇਨ ਸ਼ੈਲੀਆਂ ਦੇ ਵੀ ਨਿਯਮ ਅਤੇ ਸਿਧਾਂਤ ਹਨ ਜਿਨ੍ਹਾਂ ਦੀ ਵਰਤੋਂ ਜ਼ਰੂਰੀ ਮੰਨੀ ਜਾਂਦੀ ਹੈ ਜਿਵੇਂ ਹੀਰ ਦੀ ਧੁਨ ਵਿਚ ਮਿਰਜ਼ਾ ਨਹੀਂ ਗਾਇਆ ਜਾ ਸਕਦਾ। ਇਹ ਗੱਲ ਵੱਖਰੀ ਹੈ ਕਿ ਇਹ ਸ਼ੈਲੀਆਂ ਬੜੀਆਂ ਸਰਲ ਅਤੇ ਸੌਖੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਇਹਨਾਂ ਦੇ ਨਿਯਮਾਂ ਦੀ ਪਾਲਣਾ ਸੁਭਾਵਿਕ ਹੀ ਹੋ ਜਾਂਦੀ ਹੈ।

## .ਲੋਕ ਸੰਗੀਤ ਦੇ ਪ੍ਰਕਾਰ

ਸ਼ਾਸਤਰੀ ਸੰਗੀਤ ਵਾਂਗ ਲੋਕ ਸੰਗੀਤ ਵਿਚ ਵੀ ਲੋਕ ਗੀਤ, ਲੋਕ ਧੁਨਾਂ ਅਤੇ ਲੋਕ ਨਾਚ ਤਿੰਨ ਪ੍ਰਕਾਰ ਮਿਲਦੇ ਹਨ। ਇਸਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਲੋਕ ਸੰਗੀਤ ਲੋਕ ਗੀਤਾਂ, ਲੋਕ ਧੁਨਾਂ ਅਤੇ ਲੋਕ ਨਾਚਾਂ ਦਾ ਸਮੂਹ ਹੈ। ਇਸ ਵਿਚ ਵੀ ਲੋਕ ਗੀਤਾਂ ਦੀ ਪ੍ਰਧਾਨਤਾ ਵਧੇਰੇ ਰਹਿੰਦੀ ਹੈ।

## ਲੋਕ ਗੀਤ

ਲੋਕ ਗੀਤਾਂ ਦੀ ਭਾਸ਼ਾ ਬੜੀ ਸਰਲ ਹੁੰਦੀ ਹੈ ਜਿਸਨੂੰ ਹਰ ਵਿਅਕਤੀ ਭਾਵੇਂ ਉਹ ਪੜ੍ਹਿਆ ਲਿਖਿਆ ਹੈ ਭਾਵੇਂ ਅਨਪੜ੍ਹ ਅਸਾਨੀ ਨਾਲ ਸਮਝ ਸਕਦਾ ਅਤੇ ਗਾ ਸਕਦਾ ਹੈ। ਇਹਨਾਂ ਦੇ ਵਿਸ਼ੇ ਰੋਜ਼ਾਨਾ ਜੀਵਨ ਦੇ ਕੰਮ-ਧੰਦੇ ਹੁੰਦੇ ਹਨ ਜਿਵੇਂ ਖੇਤਾਂ ਵਿਚ ਹਲ਼ ਚਲਾਉਣਾ, ਖੂਹ ਤੋਂ ਪਾਣੀ ਭਰਨਾ, ਖੇਤੀਬਾੜੀ, ਫਸਲਾਂ ਦਾ ਪੱਕਣਾ ਬੀਜਣਾ ਤੇ ਕੱਟਣਾ, ਸੂਰਬੀਰਾਂ, ਧਾਰਮਿਕ ਵਿਅਕਤੀਆਂ, ਦਾਨੀਆਂ, ਡਾਕੂਆਂ ਅਤੇ ਅਨੇਕ ਰੁੱਤਾਂ ਸੰਬੰਧੀ ਗੀਤ। ਇਹ ਗੀਤ ਤਾਲ ਨਾਲ ਜਾਂ ਬਿਨ੍ਹਾਂ ਤਾਲ ਦੇ ਵੀ ਗਾਏ ਜਾਂਦੇ ਹਨ। ਇਹਨਾਂ ਨੂੰ ਇਕੱਲਾ ਵਿਅਕਤੀ, ਦੋ ਵਿਅਕਤੀ ਜਾਂ ਸੂੰਹਿਕ ਰੂਪ ਵਿਚ ਵੀ ਗਾਇਆ ਜਾਂਦਾ ਹੈ। ਇਹ ਗੀਤ ਖੁਸ਼ੀ ਅਤੇ ਸੋਗ ਦੋਨੋਂ ਅਵਸਰਾਂ ਨਾਲ ਸੰਬੰਧਿਤ ਹੁੰਦੇ ਹਨ।

## ਲੋਕ ਵਾਦਨ

ਲੋਕ ਗੀਤਾਂ ਵਿਚ ਵੱਖ-ਵੱਖ ਧੁਨਾਂ ਦਾ ਵਾਦਨ ਵੀ ਵਿਅਕਤੀਗਤ ਜਾਂ ਸਮੂਹਿਕ ਰੂਪ ਵਿਚ ਹੁੰਦਾ ਹੈ। ਇਹ ਧੁਨਾਂ ਵੱਖ-ਵੱਖ ਲੋਕ-ਸਾਜ਼ਾਂ ਨਾਲ ਵਜਾਈਆਂ ਜਾਂਦੀਆਂ ਹਨ। ਪੰਜਾਬ ਦੇ ਲੋਕ ਸਾਜ਼ਾਂ ਵਿਚ ਢੋਲ, ਢੋਲਕ, ਡੱਫ, ਨਗਾਰਾ, ਢੱਡ, ਖੰਜਰੀ, ਚਿਮਟਾ, ਮਜੀਰੇ, ਘੁੰਗਰੂ, ਸਾਰੰਗੀ, ਘੜਾ ਆਦਿ ਸ਼ਾਮਿਲ ਹਨ ਜਿਨ੍ਹਾਂ ਦਾ ਪ੍ਰਯੋਗ ਢੁਕਵੇਂ ਮੌਕਿਆਂ ਅਨੁਸਾਰ ਕੀਤਾ ਜਾਂਦਾ ਹੈ।

## ਲੋਕ ਨਾਚ

ਲੋਕ ਨਾਚ ਆਮ ਤੌਰ ਤੇ ਖੁਸ਼ੀ ਦੇ ਮੌਕਿਆਂ ਤੇ ਹੁੰਦੇ ਹਨ। ਆਪਣੇ ਕੰਮ ਵਿਚ ਸਫਲਤਾ, ਹਰੀ ਭਰੀ ਫਸਲ, ਫਸਲ ਦੀ ਕਟਾਈ, ਘਰ ਵਿਚ ਬੱਚੇ ਦਾ ਜਨਮ ਆਦਿ ਅਵਸਰਾਂ ਤੇ ਇਨਸਾਨ ਆਪਣੇ ਆਪ ਨੂੰ ਭੁੱਲ ਜਾਂਦਾ ਹੈ, ਉਹ ਉਛਲਦਾ, ਟੱਪਦਾ ਗਾਉਂਦਾ ਅਤੇ ਨੱਚਦਾ ਹੈ। ਖੁਸ਼ੀ ਦੇ ਅਜਿਹੇ ਸੁਭਾਵਿਕ ਪ੍ਰਗਟਾਅ ਲੋਕ ਨਾਚ ਕਹਾਉਂਦੇ ਹਨ। ਲੋਕ ਨਾਚ ਲਈ ਕਿਸੇ ਵੀ ਤਰ੍ਹਾਂ ਦੇ ਵਿਸ਼ੇਸ਼ ਵਸਤਰ, ਗਹਿਣੇ, ਚਮਕ ਦਮਕ ਜਾਂ ਹਾਰ ਸ਼ਿੰਗਾਰ ਦੀ ਜ਼ਰੂਰਤ ਨਹੀਂ ਹੁੰਦੀ। ਇਹ ਤਾਂ ਮਨੁੱਖ ਦੀ ਖੁਸ਼ੀ ਦਾ ਆਪ ਮੁਹਾਰਾ ਪ੍ਰਗਟਾਵਾ ਹੁੰਦੇ ਹਨ।

ਗੁਜਰਾਤ ਦਾ 'ਗਰਬਾ', ਮਹਾਰਾਸ਼ਟਰ ਦਾ 'ਲਵਣੀ' ਅਤੇ ਪੰਜਾਬ ਦਾ ਭੰਗੜਾ, ਗਿੱਧਾ, ਕਿੱਕਲੀ, ਲੁੱਡੀ ਆਦਿ ਲੋਕ ਨਾਚਾਂ ਦੇ ਨਮੂਨੇ ਹਨ। ਇਹ ਲੋਕ ਨਾਚ ਵਿਅਕਤੀਗਤ ਅਤੇ ਸਮੂਹਿਕ ਵੀ ਹੁੰਦੇ ਹਨ। ਇਹਨਾਂ ਦੀ ਵਰਤੋਂ ਗੀਤਾਂ ਦੇ ਨਾਲ ਜਾਂ ਗੀਤਾਂ ਤੋਂ ਬਿਨ੍ਹਾਂ ਵੀ ਕੀਤੀ ਜਾਂਦੀ ਹੈ। ਲੋਕ ਸਾਜ਼ਾਂ ਦੀ ਸੰਗਤ ਵਿਚ ਇਹ ਲੋਕ ਨਾਚ ਖੁਸ਼ੀ ਨੂੰ ਦੂਣਾ ਕਰ ਦਿੰਦੇ ਹਨ।

ਅਸਲ ਵਿਚ ਲੋਕ ਗਾਇਨ, ਵਾਦਨ ਅਤੇ ਨਾਚ ਮਨੁੱਖੀ ਭਾਵਨਾਵਾਂ ਦਾ ਸਹਿਜ ਅਤੇ ਸਰਲ ਪ੍ਰਗਟਾਵਾ ਹਨ।

**ਪੰਜਾਬੀ ਲੋਕ ਸੰਗੀਤ**

ਪੰਜਾਬੀ ਪੇਂਡੂ ਜੀਵਨ ਦਾ ਹਰ ਰਾਹ ਅਤੇ ਹਰ ਕਾਰਜ ਲੋਕ ਗੀਤਾਂ ਵਿਚੋਂ ਹੀ ਹੋ ਕੇ ਲੰਘਦਾ ਹੈ। ਮੁੰਡਾ ਜੰਮਣ ਦੇ ਗੀਤ, ਬੱਚੇ ਨੂੰ ਸੁਆਉਣ ਦੇ ਗੀਤ, ਖੇਡਣ ਦੇ ਗੀਤ, ਪੀਘਾਂ ਝੂਟਣ ਦੇ ਗੀਤ, ਪਾਣੀ ਭਰਨ ਦੇ ਗੀਤ, ਬੀਜਣ ਦੇ ਗੀਤ, ਫਸਲ ਕੱਟਣ ਦੇ ਗੀਤ, ਮੰਗਣੇ ਦੇ ਗੀਤ, ਵਿਆਹ ਦੇ ਗੀਤ, ਨੂੰਹ ਸੱਸ ਨਣਦ ਭਰਜਾਈ ਦੇ ਗੀਤ, ਰੁੱਤਾਂ ਦੇ ਗੀਤ, ਹੀਰ ਰਾਂਝਾ, ਸੱਸੀ ਪੁੰਨੂ ਮਿਰਜ਼ਾ ਸਾਹਿਬਾਂ ਅਤੇ ਸੋਹਣੀ ਮਹੀਵਾਲ ਦੀਆਂ ਪ੍ਰੀਤਾਂ ਦੇ ਗੀਤ, ਪੰਜਾਬੀ ਲੋਕ ਗੀਤਾਂ ਦੀ ਅਥਾਹ ਸਮੱਗਰੀ ਦੇ ਸੋਮੇ ਹਨ। ਇਹੀ ਨਹੀਂ ਹਰ ਰੁੱਤ ਆਪਣੇ ਨਾਲ ਮੌਸਮੀ ਮੇਲੇ ਅਤੇ ਤਿਉਹਾਰ ਲਿਆਉਂਦੀ ਹੈ। ਪੰਜਾਬ ਵਿਚ ਹਰ ਮੇਲਾ ਅਤੇ ਤਿਉਹਾਰ ਨੱਚਦਾ ਓਤੇ ਗਾਉਂਦਾ ਹੋਇਆ ਆਉਂਦਾ ਹੈ ਅਤੇ ਇਥੋਂ ਦੇ ਵਸਨੀਕਾਂ ਨੂੰ ਖੁਸ਼ੀਆਂ ਦੇ ਭੰਡਾਰ ਵੰਡਦਾ ਤੁਰ ਜਾਂਦਾ ਹੈ। ਹਰੇਕ ਮੇਲੇ, ਤਿਉਹਾਰ ਅਤੇ ਸ਼ੁਭ ਅਵਸਰ ਤੇ ਨੱਚਣਾ ਗਾਉਣਾ ਜ਼ਰੂਰ ਹੁੰਦਾ ਹੈ। ਪੰਜਾਬੀਆਂ ਦੇ ਜੀਵਨ ਦਾ ਹਰ ਮਹੀਨਾ, ਹਰ ਰੁੱਤ, ਹਰ ਦਿਨ, ਹਰ ਘੜੀ, ਹਰ ਫਸ਼ਲ, ਪੇੜ ਪੌਦੇ, ਪੰਛੀ ਅਤੇ ਜਾਨਵਰ ਉਹਨਾਂ ਨੂੰ ਖੁਸ਼ੀ ਦਿੰਦੇ ਹਨ ਅਤੇ ਖੁਸ਼ੀ ਦਾ ਪ੍ਰਗਟਾਵਾ ਇਥੋਂ ਦਾ ਹਰ ਬੱਚਾ ਬੁੱਢਾ ਗੱਭਰੂ ਜਾਂ ਮੁਟਿਆਰ ਬੋਲੀਆਂ ਟੱਪੇ ਮਾਹੀਆ ਘੋੜੀਆਂ ਸੁਹਾਗ ਛੰਦ ਸਿੱਠਣੀਆਂ ਰਾਹੀਂ ਕਰਦਾ ਹੈ। ਇਥੋਂ ਤੱਕ ਕਿ ਹਰਖ ਅਤੇ ਸੋਗ ਦਾ ਪ੍ਰਗਟਾਵਾ ਵੀ ਉਹ ਅਲਾਹੁਣੀਆਂ ਕੀਰਨੇ ਅਤੇ ਵੈਣਾਂ ਰਾਹੀਂ ਕਰਦਾ ਹੈ। ਇਸੇ ਕਾਰਨ ਪੰਜਾਬ ਨੂੰ ਸਦਾ ਨੱਚਦਾ ਤੇ ਗਾਉਂਦਾ ਪੰਜਾਬ ਕਿਹਾ ਜਾਂਦਾ ਹੈ।

ਸਹਾਇਕ ਪ੍ਰੋਫੈਸਰ ਸੰਗੀਤ
ਬਾਬਾ ਅਜੈ ਸਿੰਘ ਖਾਲਸਾ ਕਾਲਜ
ਗੁਰਦਾਸ ਨੰਗਲ ਗੁਰਦਾਸਪੁਰ।
ਫੋਨ- 9464265464

# ਸਾਰੰਗ ਅੰਗ ਦੇ ਪ੍ਰਕਾਰ

**ਡਾ. ਰਹਿਮੋ**

ਹਿੰਦੁਸਤਾਨੀ ਸ਼ਾਸਤਰੀ ਸੰਗੀਤ ਰਾਗਦਾਰੀ ਸੰਗੀਤ 'ਤੇ ਆਧਾਰਿਤ ਹੈ। ਰਾਗਾਂ ਦਾ ਸਵਰੂਪ, ਉਹਨਾਂ ਦੇ ਲੱਛਣ ਅਤੇ ਨਿਯਮਾਂ 'ਤੇ ਅਧਾਰਿਤ ਹੈ ਅਤੇ ਇਹਨਾਂ ਨਿਯਮਾਂ ਦੇ ਦੁਆਰਾ ਹੀ ਰਾਗ ਇੱਕ-ਦੂਜੇ ਤੋਂ ਅਲੱਗ ਹੁੰਦੇ ਹਨ। ਰਾਗ ਸ਼ਬਦ ਦਾ ਪ੍ਰਯੋਗ ਗ੍ਰੰਥਾਂ ਵਿੱਚ ਅਲੱਗ-ਅਲੱਗ ਅਰਥਾਂ ਵਿੱਚ ਮਿਲਦਾ ਹੈ ਜਿਵੇਂ- ਭਾਵਨਾ, ਹਰਸ਼, ਸ਼ੋਕ, ਕ੍ਰੋਧ, ਖੇਦ ਆਦਿ। "ਸੰਗੀਤ ਵਿੱਚ ਰਾਗ ਸ਼ਬਦ ਦਾ ਅਰਥ 'ਰੰਗ' ਅਤੇ 'ਰੰਜਕਤਾ' ਤੋਂ ਹੈ ਭਾਵ ਜਿਸ ਵਿੱਚ ਰੰਗ ਦੇਣ ਦੀ ਸਮਰੱਥਾ ਹੋਵੇ ਉਹ ਰਾਗ ਹੈ। ਰਾਗ ਸ਼ਬਦ ਲਗਭਗ ਚੌਥੀ ਸ਼ਤਾਬਦੀ ਤੋਂ ਪ੍ਰਚਾਰ ਵਿੱਚ ਹੈ। ਮਹਾਕਵੀ ਕਲੀਦਾਸ ਰਚਿਤ ਨਾਟਕ 'ਸ਼ਕੁੰਤਲਾ' ਦੇ ਗੀਤ ਵਿੱਚ ਸਾਰੰਗ ਰਾਗ ਦਾ ਉਲੇਖ ਹੈ ਜਦਕਿ ਸੁਬੰਧੂ ਨੇ 'ਵਾਸਵਦੱਤਾ' ਵਿਚ ਰਾਗ ਵਿਭਾਸ ਦਾ ਉਲੇਖ ਕੀਤਾ ਹੈ। ਰਾਜਾ ਸਮੁੰਦਰ ਗੁਪਤ ਦੇ ਕਾਲ ਵਿੱਚ ਰਾਗ ਗਾਇਨ ਪ੍ਰਚਾਰ ਵਿੱਚ ਸੀ ਪਰੰਤੂ ਸਭ ਤੋਂ ਪਹਿਲਾਂ ਰਾਗ ਦੀ ਪ੍ਰਵਾਣਿਤ ਪਰਿਭਾਸ਼ਾ ਸਾਨੂੰ ਮੁਤੰਗ ਮੁਨੀ ਦੇ ਗ੍ਰੰਥ 'ਬ੍ਰਹਿਦੇਸੀ' ਵਿੱਚ ਮਿਲਦੀ ਹੈ। ਜੋ ਇਸ ਪ੍ਰਕਾਰ ਹੈ:

ਯੋ ਸੌ ਧਵਨੀ ਵਿਸ਼ੇਸ਼ਸਤੂ ਸਵਰਵਰਣ ਵਿਭੂਸ਼ਿਤ:।
ਰੰਜਕੋ ਜਨਚਿਤਾਨਾਂ ਸ ਚ ਰਾਗ ਉਦਾਹਰਿਤ:।।

ਭਾਵ ਇਕ ਵਿਸ਼ੇਸ਼ ਸਵਰ ਸਮੁਦਾਇ ਜੋ ਸਵਰ ਜਾਂ ਵਰਣ ਨਾਲ ਸੁਸ਼ੋਭਿਤ ਹੋ ਕੇ ਮਨੁੱਖ ਦੇ ਚਿੱਤ ਦਾ ਰੰਜਨ ਕਰੇ, ਉਸ ਨੂੰ ਰਾਗ ਕਹਿੰਦੇ ਹਨ।

ਭਾਰਤੀ ਸੰਗੀਤ ਰਾਗ ਪ੍ਰਧਾਨ ਹੈ। ਸੰਗੀਤ ਵਿੱਚ ਰਾਗਾਂ ਦਾ ਵਰਗੀਕਰਣ ਭਾਰਤੀ ਸੰਗੀਤ ਦੀ ਆਪਣੀ ਵਿਸ਼ੇਸ਼ਤਾ ਹੈ ਜੋ ਵਿਸ਼ਵ ਦੇ ਕਿਸੇ ਵੀ ਪ੍ਰਾਚੀਨ ਸੰਗੀਤ ਵਿਚ ਇਸ ਰੂਪ ਵਿਚ ਨਹੀਂ ਮਿਲਦੀ। ਸਮੇਂ ਦੇ ਅਨੁਸਾਰ ਰਾਗਾਂ ਦਾ ਬਾਹਰੀ ਰੂਪ ਬਦਲਦਾ ਰਿਹਾ ਹੈ। ਗਾਇਨ ਸ਼ੈਲੀਆਂ ਬਦਲਦੀਆਂ ਰਹੀਆਂ ਹਨ। ਸੰਗੀਤ ਦੇ ਇਤਿਹਾਸ ਦਾ ਵਿਵੇਚਨ ਕਰਨ ਤੋਂ ਪਤਾ ਚਲਦਾ ਹੈ ਕਿ ਵਿਭਿੰਨ ਵਿਦਵਾਨਾਂ ਨੇ ਵਿਭਿੰਨ ਢੰਗ ਤੋਂ ਵਰਗੀਕਰਣ ਕੀਤਾ ਹੈ। ਜਿਵੇਂ ਕਿ ਗ੍ਰਾਮ ਰਾਗ, ਦਸ਼ਵਿਧ ਰਾਗ, ਮੇਲ ਰਾਗ, ਰਾਗ-ਰਾਗਣੀ, ਥਾਟ ਰਾਗ ਅਤੇ ਰਾਗਾਂਗ ਵਰਗੀਕਰਣ ਆਦਿ।

**ਰਾਗਾਂਗ ਦਾ ਅਰਥ: ਹਿੰਦੁਸਤਾਨੀ ਸੰਗੀਤ ਵਿਚ ਰਾਗਾਂਗ ਪੱਧਤੀ, ਰਾਗ ਵਰਗੀਕਰਨ ਦੀ ਵਿਗਿਆਨਕ ਪੱਧਤੀ ਹੈ। ਰਾਗਾਂਗ ਦਾ ਮੁੱਖ ਅਰਥ ਰਾਗ ਵਿੱਚ ਪ੍ਰਯੋਗ ਹੋਣ ਵਾਲੇ ਉਸ ਵਿਸ਼ੇਸ਼ ਸਵਰ ਸਮੁਦਾਇ ਤੋਂ ਹੈ, ਜੋ ਉਸ ਰਾਗ ਦੀ ਅਲੱਗ ਅਤੇ ਖਾਸ ਪਹਿਚਾਣ ਬਣ ਜਾਂਦਾ ਹੈ। ਰਾਗਾਂਗ 'ਰਾਗ+ਅੰਗ' ਇਹਨਾਂ ਦੋ ਸ਼ਬਦਾਂ ਤੋਂ ਮਿਲਕੇ ਬਣਿਆ ਹੈ। ਦੋ ਜਾਂ ਤਿੰਨ ਸਵਰਾਂ ਦੇ ਵਿਸ਼ੇਸ਼ ਸਵਰ ਸਮੂਹ ਨੂੰ ਰਾਗਾਂਗ ਕਿਹਾ ਜਾਂਦਾ ਹੈ ਭਾਵ, ਰਾਗਾਂਗ ਅਧੀਨ ਰਾਗ ਵਰਗੀਕਰਨ ਦੇ ਲਈ ਸਵਰਾਂ ਦਾ ਆਸਰਾ ਲਿਆ ਜਾਂਦਾ ਹੈ ਜਿਵੇਂ-ਤੋੜੀ ਦਾ ਰਾਗਾਂਗ 'ਰੇ ਗੁ ਰੇ ਸ' ਹੈ। ਇਸ ਸਵਰ ਸਮੁਦਾਇ ਤੋਂ ਰਾਗ ਤੋੜੀ ਬਣੇਗਾ ਕਿਉਂਕਿ ਇਹ ਟੁਕੜਾ ਇਸ ਦੀ ਜਾਨ ਹੈ। ਜੇਕਰ ਕਿਸੇ ਵੀ ਦੂਸਰੇ ਰਾਗ ਵਿੱਚ ਇਸ ਦਾ ਪ੍ਰਯੋਗ ਹੋਵੇ, ਤਾਂ ਉਹ ਤੋੜੀ ਅੰਗ ਦਾ ਰਾਗ ਕਹਾਏਗਾ। ਜਿਵੇਂ- ਗੂਜਰੀ, ਤੋੜੀ, ਬਿਲਾਸਖਾਨੀ ਤੋੜੀ ਅਤੇ ਭੂਪਾਲ ਤੋੜੀ ਆਦਿ।**

ਪੰ. ਨਰਾਇਣ ਮੋਰੇਸ਼ਵਰ ਖਰੇ ਨੇ ਅਜਿਹੇ 30 ਸੁਤੰਤਰ ਅੰਗਾਂ ਦੀ ਖੋਜ ਕੀਤੀ ਅਤੇ ਰਾਗਾਂ ਨੂੰ ਰਾਗਾਂਗ

ਵਰਗੀਕਰਣ ਦੇ ਅੰਤਰਗਤ ਵੰਡਿਆ। ਇਸ ਯਤਨ ਸਦਕਾ ਉਹਨਾਂ ਨੇ ਰਾਗ ਵਰਗੀਕਰਣ ਦੇ ਲਈ ਇੱਕ ਨਵੀਂ ਰਾਗਾਂਗ ਪੱਧਤੀ ਦਾ ਪ੍ਰਚਾਰ ਕੀਤਾ ਅਤੇ ਇਕ ਨਵੀਨ ਪੱਧਤੀ ਨੂੰ ਪ੍ਰਚਾਰ ਵਿਚ ਲਿਆਦਾ।

ਸੁਭਾਸ਼ ਰਾਣੀ ਚੌਧਰੀ ਦੇ ਅਨੁਸਾਰ- "ਰਾਗ ਅਤੇ ਅੰਗ, ਇਹਨਾਂ ਦੋਹਾਂ ਦਾ ਆਪਸੀ ਸਬੰਧ ਠੀਕ ਉਸੇ ਤਰ੍ਹਾਂ ਹੈ ਜਿਵੇਂ ਇੱਕ ਆਦਰਸ਼ ਵਿਅਕਤੀ ਅਤੇ ਉਸ ਦਾ ਚਰਿੱਤਰ। ਅੰਗ ਦਾ ਅਰਥ, ਉਹ ਮਹੱਤਵਪੂਰਨ ਸਕਾਰਤਮਕ ਅਨੁਭਵ ਹੈ, ਜਿਹੜਾ ਕਿਸੇ ਵਿਸ਼ੇਸ਼ ਰਾਗ ਦੀ ਵਿਸ਼ੇਸ਼ ਸਵਰ-ਸੰਗਤੀ ਦੁਆਰਾ ਅਨੁਭਵ ਕੀਤਾ ਜਾ ਸਕਦਾ ਹੈ।"1 ਭਾਵ ਰਾਗਾਂਗ ਵਰਗੀਕਰਣ ਦੇ ਲਈ ਵੀ ਸਵਰਾਂ ਅਤੇ ਸਵਰ ਸੰਗਤੀਆਂ ਨੂੰ ਆਧਾਰ ਬਣਾਇਆ ਜਾਂਦਾ ਹੈ। ਸਵਰਾਂ ਦੇ ਮਿਲਾਪ ਦੁਆਰਾ ਹੀ ਰਾਗ ਆਪਸ ਵਿੱਚ ਮੇਲ ਰੱਖਦੇ ਹਨ ਅਤੇ ਸਵਰਾਂ ਦੇ ਅਲੱਗ-ਅਲੱਗ ਪ੍ਰਯੋਗ ਦੁਆਰਾ ਹੀ ਇੱਕ-ਦੂਸਰੇ ਤੋਂ ਅਲੱਗ ਹੁੰਦੇ ਹਨ।

ਡਾ. ਪ੍ਰੇਮ ਲਤਾ ਨਾਹਰ ਦੇ ਅਨੁਸਾਰ, "ਅੰਗ ਰਾਗ ਦਾ ਉਹ ਅੰਸ਼ ਹੈ, ਜੋ ਰਾਗ ਦੀ ਬੜ੍ਹਤ ਵਿੱਚ ਵਾਰ-ਵਾਰ ਪ੍ਰਯੋਗ ਕੀਤਾ ਜਾਂਦਾ ਹੈ। ਰਾਗ ਦੇ ਆਰੋਹ ਜਾਂ ਅਵਰੋਹ ਕ੍ਰਮ ਵਿੱਚ ਕਿਸੇ ਸਵਰ ਨੂੰ ਨਿਯਮਿਤ ਰੂਪ ਵਿੱਚ ਛੱਡਣਾ, ਕਿਸੇ ਸਵਰ ਦਾ ਵਕਰ-ਪ੍ਰਯੋਗ, ਕਿਸੇ ਦੋ ਸਵਰਾਂ ਦਾ ਇਕੱਠੇ ਪ੍ਰਯੋਗ ਜਾਂ ਕਿਸੇ ਸਵਰਾਵਲੀ ਦਾ ਵਿਸ਼ੇਸ਼ ਢੰਗ ਨਾਲ ਪ੍ਰਯੋਗ, ਵਿਸ਼ੇਸ਼ ਸਵਰ-ਸੰਗਤੀ ਆਦਿ ਤੱਥ ਰਾਗ ਦੇ ਵਿਸ਼ੇਸ਼ 'ਅੰਗ' ਭਾਵ ਰਾਗਾਂਗ ਦੇ ਰੂਪ ਨੂੰ ਨਿਰਧਾਰਿਤ ਕਰਦੇ ਹਨ।" ਹੁਣ ਅਸੀਂ 30 ਅੰਗਾਂ ਵਿੱਚੋਂ ਸਾਰੰਗ ਅੰਗ ਦੇ ਰਾਗਾਂ ਦਾ ਵਰਨਣ ਕਰਾਂਗੇ।

**ਸਾਰੰਗ ਦਾ ਇਤਿਹਾਸਿਕ ਪਿਛੋਕੜ**

ਸਾਰੰਗ ਦੇ ਪ੍ਰਕਾਰਾਂ ਦਾ ਇਤਿਹਾਸਿਕ ਅਧਿਐਨ ਕਰਨ ਤੋਂ ਪਹਿਲਾਂ ਸਾਰੰਗ ਦੇ ਸ਼ਾਬਦਿਕ ਅਰਥ ਨੂੰ ਸਮਝ ਲੈਣਾ ਉਚਿਤ ਹੋਵੇਗਾ। ਸਾਰੰਗ ਮੂਲਤ: ਸੰਸਕ੍ਰਿਤ ਦਾ ਸ਼ਬਦ ਹੈ ਅਤੇ ਸ਼ਬਦਕੋਸ਼ ਦੇ ਅਨੁਸਾਰ ਸਾਰੰਗ ਸ਼ਬਦ ਦੇ ਅਨੇਕ ਅਰਥ ਹਨ ਜਿਵੇਂ ਚਿੱਤਕਬਰਾ, ਰੰਗ ਬਿਰੰਗ, ਚਿੱਤਰਮ੍ਰਿਗ, ਸਿੰਘ, ਹਾਥੀ, ਭੌਂਰਾ, ਕੋਇਲ, ਸਾਰਸ, ਚਾਤ੍ਰਿਕ, ਰਾਜਹੰਸ, ਮੋਰ, ਛਤਰੀ, ਬਾਦਲ, ਪਰਿਧਾਨ, ਬਾਲ, ਸ਼ੰਖ, ਸ਼ਿਵ ਦਾ ਨਾਮ, ਕਾਮਦੇਵ, ਕਮਲ, ਕਪੂਰ, ਧਨੁਸ਼, ਚੰਦਨ, ਇਕ ਪ੍ਰਕਾਰ ਦਾ ਵਾਦ-ਯੰਤਰ, ਆਭੂਸ਼ਨ, ਸੋਨਾ, ਪ੍ਰਿਥਵੀ, ਰਾਤ, ਪ੍ਰਕਾਸ਼ ਆਦਿ।" ਇਥੇ ਸਾਰੰਗ ਦਾ ਅਰਥ ਇੱਕ ਰਾਗ ਦੇ ਨਾਮ ਨਾਲ ਸਬੰਧਿਤ ਹੈ ਜਿਸ ਦਾ ਸਭ ਤੋਂ ਪਹਿਲਾ ਉਲੇਖ ਨਾਰਦ ਕ੍ਰਿਤ 'ਸੰਗੀਤ ਮਕਰੰਦ' ਵਿਚ ਮਿਲਦਾ ਹੈ।

1550 ਈ. ਵਿੱਚ ਦੱਖਣੀ ਭਾਰਤੀ ਸੰਗੀਤ ਗ੍ਰੰਥ 'ਸਵਰਮੇਲ ਕਲਾਨਿਧੀ' ਵਿੱਚ ਸਾਰੰਗ ਨਾਟ ਨਾਮਕ ਮੇਲ ਦਾ ਵਰਣਨ ਮਿਲਦਾ ਹੈ, ਜਿਸ ਦੇ ਸਵਰ ਹਿੰਦੁਸਤਾਨੀ ਸੰਗੀਤ ਪੱਧਤੀ ਦੇ ਅਨੁਸਾਰ 'ਸਾ ਰੇ ਗਾ ਮਾ ਪਾ ਧਾ ਨੀ ਸਾ ਹਨ। ਰਾਗ ਸਾਗਰ' ਗ੍ਰੰਥ ਵਿੱਚ ਸਾਰੰਗ ਨੂੰ ਸ਼ਾੜਵ ਜਾਤੀ ਦਾ ਰਾਗ ਕਿਹਾ ਹੈ। ਸਾਰੰਗ ਦਾ ਗਾਇਨ ਸਮਾਂ ਦੁਪਹਿਰ ਤੋਂ ਬਾਅਦ ਦਾ ਦੱਸਿਆ ਗਿਆ ਹੈ।

1610 ਈ. ਵਿੱਚ ਸੋਮਨਾਥ ਕ੍ਰਿਤ 'ਰਾਗ ਵਿਬੋਧ' ਵਿੱਚ ਸਾਰੰਗ ਮੇਲ ਵਿਚ ਰਾਗ ਦੇ ਸਵਰ ਉੱਤਰ

ਭਾਰਤੀ ਸੰਗੀਤ ਪੱਧਤੀ ਦੇ ਅਨੁਸਾਰ ਸਾ ਰੇ ਮ ਮੇ ਪ ਨੁ ਨੀ ਸ ਹਨ। ਰਾਗ ਸਾਰੰਗ ਨੂੰ ਗਾਉਣ ਦਾ ਸਮਾਂ, ਦੁਪਹਿਰ ਮੰਨਿਆ ਗਿਆ ਹੈ। ਇਸ ਨੂੰ ਤਿੰਨਾਂ ਸਪਤਕਾਂ ਵਿੱਚ ਗਾਇਆ ਜਾਣ ਵਾਲਾ ਰਾਗ ਮੰਨਿਆ ਗਿਆ ਹੈ। ਆਧੁਨਿਕ ਵਿਦਵਾਨ ਪੰ. ਭਾਤਖੰਡੇ ਨੇ ਸਾਰੰਗ, ਵਡਹੰਸ ਸਾਰੰਗ, ਸਾਮੰਤ ਸਾਰੰਗ, ਮੀਆਂ ਕੀ ਸਾਰੰਗ, ਵਰਿੰਦਾਵਨੀ ਸਾਰੰਗ, ਮਧਮਾਧ ਸਾਰੰਗ ਆਦਿ ਰਾਗਾਂ ਦਾ ਵਰਣਨ ਸਾਰੰਗ ਅੰਗ ਦੇ ਅੰਤਰਗਤ ਕੀਤਾ ਹੈ।”

**ਸਾਰੰਗ ਰਾਗਾਂਗ: ਰਾਗਾਂਗ ਰਾਗਾਂ ਦੀ ਤਰ੍ਹਾਂ ਸਾਰੰਗ ਰਾਗ ਦੇ ਵੀ ਰਾਗਾਂਗ ਵਾਚਕ ਸਵਰ ਸਮੂਹ ਬਹੁਤ ਮਹੱਤਵਪੂਰਨ ਹਨ ਜਿਵੇਂ- ਨ਼ੀ, ਸ ਰੇ, ਮ ਰੇ, ਮਰੇ, ਮਰੇ ਮ ਪ, ਮ ਰੇ ਨ਼ੀ ਸ। ਰਿਸ਼ਭ ਸਵਰੋ ਤੇ ਜ਼ਿਆਦਾ ਠਹਰਾਵ ਕਰਨ ਨਾਲ ਸਾਰੰਗ ਅੰਗ ਜ਼ਿਆਦਾ ਸਪੱਸ਼ਟ ਹੁੰਦਾ ਹੈ। ਨਿ ਸ ਰੇ, ਮ ਰੇ’ ਵੀ ਸਾਰੰਗ ਵਾਚਕ ਸਵਰ ਸਮੁਦਾਇ ਹੈ। ’ਮ ਪ ਨ਼ੀ ਪ ਨੀ ਸਂ’ ਇਸ ਸਵਰ ਸਮੁਦਾਇ ਨੂੰ ਸਾਰੰਗ ਦਾ ਅੰਤਰਾ ਅੰਗ ਸਮਝਿਆ ਜਾਂਦਾ ਹੈ। ਇਸ ਦੇ ਪੂਰਵਾਂਗ ਅਤੇ ਉਤਰਾਂਗ ਦੇ ’ਮ ਪ ਨੀ ਸਂ ਨ਼ੀ ਪ’ ਇਹਨਾਂ ਰਾਗਾਂਗ ਵਾਚਕ ਸਵਰ ਸਮੂਹਾਂ ਵਿੱਚ ਭਿੰਨ-ਭਿੰਨ ਰਾਗਾਂ ਦਾ ਮਿਸ਼ਰਣ ਹੁੰਦਾ ਹੈ ਜਿਵੇਂ-ਕਲਿਆਣ (ਮੇ ਪ ਨੀ ਸਂ, ਸਂ ਨੀ ਧ ਪ ਮੇ ਪ) ਦੇ ਮਿਸ਼ਰਣ ਨਾਲ ਸ਼ੁੱਧ ਸਾਰੰਗ ਅਤੇ ਮੀਆਂ ਮਲਹਾਰ (ਨ਼ੀ ਧ ਨੀ ਸਂ, ਸਂ ਨ਼ੀ ਧ, ਨ਼ੀ ਪ) ਦਾ ਕੁਝ ਅੰਸ਼ ਮਿਲਾਉਣ ਨਾਲ ਮੀਆਂ ਕੀ ਸਾਰੰਗ ਆਦਿ।**

ਇਸ ਤੋਂ ਇਲਾਵਾ ਹੋਰ ਰਾਗਾਂ ਵਿੱਚ ਵੀ ਸਾਰੰਗ ਅੰਗ ਦਾ ਮਿਸ਼ਰਣ ਕਰਕੇ ਰਾਗਾਂ ਦੇ ਭਿੰਨ-ਭਿੰਨ ਸਵਰੂਪ ਸਾਹਮਣੇ ਆਉਂਦੇ ਹਨ। ਕਾਨ੍ਹੜਾ ਅੰਗ ਦੇ ਰਾਗ ਸਾਰੰਗ ਅੰਗ ਤੋਂ ਬਹੁਤ ਹੀ ਪ੍ਰਭਾਵਿਤ ਹਨ। ਸਾਰੰਗ ਅੰਗ ਦਾ ’ਮ ਪ ਨੀ ਸਂ ਨ਼ੀ ਪੋ ਇਹ ਸਵਰ ਸਮੂਹ ਤਾਂ ਕਾਨ੍ਹੜਾ ਅੰਗ ਦੇ ਰਾਗਾਂ ਦੇ ਉਤਰਾਂਗੋ ਤੇ ਛਾਇਆ ਹੋਇਆ ਹੈ। ਖ਼ਾਸ ਕਰਕੇ ਸਾਰੰਗ ਦੇ ’ਨ਼ੀ ਪ’ ਅਤੇ ਕਾਨ੍ਹੜਾ ਦੇ ’ਨ਼ੀ ਪ’ ਦੇ ਉਚਾਰਣ ਅਤੇ ਲਗਾਵ ਵਿੱਚ ਅੰਤਰ ਹੈ। ਸਾਰੰਗ ਅੰਗ ਦੇ ਅਵਰੋਹੀ ਨਿਸ਼ਾਦ ਨੂੰ ਬਿਨਾਂ ਕਣ ਤੋਂ ਲਿਆ ਜਾਂਦਾ ਹੈ ਭਾਵ ’ਨ਼ੀ ਪ’। ਕਾਨ੍ਹੜਾ ਅੰਗ ਵਿਚ ਇਹੀ ਸਵਰ ਪੰਚਮ ਦੇ ਸਹਾਰੇ ਲਿਆ ਜਾਂਦਾ ਹੈ ਜਿਵੇਂ ਸ ਪ ਨ਼ੀ ਪ, ਕਾਨ੍ਹੜਾ ਅੰਗ ਦੇ ਜ਼ਿਆਦਾਤਰ ਰਾਗਾਂ ਦੇ ਆਲਾਪ ਅੰਗ ਵਿਚ ਇਸ ਤੱਥ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਇਸ ਤੋਂ ਬਿਨਾਂ ਕਾਨ੍ਹੜਾ ਦੇ ਉਤਰਾਂਗ ਵਿੱਚ ਸਾਰੰਗ ਅੰਗ ਜ਼ਿਆਦਾ ਸਪਸ਼ਟ ਦਿਖਾਈ ਦੇਵੇਗਾ।

**ਸਾਰੰਗ ਅਤੇ ਮਲਹਾਰ: ਸਾਰੰਗ ਦੇ ਸਵਰ-ਸਮੂਹ ਦਾ ਮਲਹਾਰ ਅੰਗ ਦੇ ਕੁਝ ਰਾਗਾਂ ‘ਤੇ ਵੀ ਪ੍ਰਭਾਵ ਦਿਖਾਈ ਦਿੰਦਾ ਹੈ, ਜਿਵੇਂ- ਮੇਘ ਮਲਾਰ ਭਾਵ ਜਿਸ ਮਲਹਾਰ ਵਿੱਚ ਗੰਧਾਰ ਵਰਜਿਤ ਹੋਵੇਗਾ, ਉਸ ਵਿੱਚ ਸਾਰੰਗ ਅੰਗ ਦੀ ਝਲਕ ਜ਼ਰੂਰ ਹੋਵੇਗੀ। ਇਹਨਾਂ ਮਲਹਾਰਾਂ ਵਿੱਚ ਸਾਰੰਗ ਦੇ ਪ੍ਰਭਾਵ ਨੂੰ ਸੰਤੁਲਿਤ ਰੱਖਣ ਲਈ ਰਿਸ਼ਭ ਅਤੇ ਮਧਿਅਮ ਦੇ ਲਗਾਵ ਨੂੰ ਧਿਆਨ ਵਿੱਚ ਰੱਖਣਾ ਅਤਿ ਜ਼ਰੂਰੀ ਹੈ। ਸਾਰੰਗ ਅੰਗ ਵਿੱਚ ਰਿਸ਼ਭ ਦਾ ਨਿਆਸ ਬਹੁਤਵ ਅਤੇ ਮਧਿਅਮ ਦਾ ਅਨਭਿਆਸ ਅਤੇ ਲੰਘਨ ਦੋਨੋਂ ਹੀ ਤਰ੍ਹਾਂ ਦਾ ਅਲਪਤਵ ਹੈ। ਇਸ ਤੋਂ ਉਲਟ ਮਲਹਾਰ ਅੰਗ ਵਿਚ ਰਿਸ਼ਭ ਅਭਿਆਸ ਬਹੁਤਵ ਦੇ ਰੂਪ ਵਿੱਚ ਭਾਵ ਵੱਧ ਤੋਂ ਵੱਧ ਇਸ ਸਵਰ ਦਾ ਰਾਗ ਵਿਸਥਾਰ ਵਿੱਚ ਪ੍ਰਯੋਗ ਤਾਂ ਹੈ, ਪਰ ਨਿਆਸ ਨਹੀਂ ਹੈ। ਇਸ**

**ਦਾ ਕਾਰਣ ਇਹ ਹੈ ਕਿ ਮਲਹਾਰ ਅੰਗ ਦੇ ਰਾਗਾਂ ਵਿੱਚ ਜੋ ' ਸ ਰੇ ਮ ਪ ' ਸਵਰ ਸੰਗਤੀ ਹੈ, ਇਸ ਵਿਚ ਰਿਸ਼ਭ ਦਾ ਪ੍ਰਯੋਗ ਮਧਿਅਮ ਦੇ ਸਹਾਰੇ ਕੀਤਾ ਜਾਂਦਾ ਹੈ ਭਾਵ ' ਮ ਰੇ ਮ ਰੇ ਪ ' ਇਸ ਲਈ ਰਿਸ਼ਭ ਤੇ ਨਿਆਸ ਨਹੀਂ ਹੋ ਸਕਦਾ। ਇਸ ਤੋਂ ਇਲਾਵਾ ਮ ਰੇ ਸਵਰ ਸੰਗਤੀ ਦਾ ਉਚਾਰਣ ਮੀਂਡ ਯੁਕਤ ਅਤੇ ਮਧਿਅਮ ਵਾਦੀ ਦੇ ਰੂਪ ਵਿੱਚ ਨਿਆਸ ਯੁਕਤ ਹੋ ਕੇ ਪ੍ਰਯੋਗ ਹੁੰਦਾ ਹੈ ਜਿਵੇਂ ਮ ਰੇ ਮ ਰੇ ਪ ਮ ਰੇ, ਭਾਵ ਇਹ ਹੈ ਕਿ ਇਹਨਾਂ ਅਨੇਕ ਰਾਗਾਂ ਵਿੱਚ ਸਾਰੰਗ ਅੰਗ ਦਾ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਪ੍ਰਵੇਸ਼ ਹੈ। ਸਾਰੰਗ ਦੇ ਪ੍ਰਚਲਿਤ ਪ੍ਰਕਾਰਾਂ ਦਾ ਵਰਣਨ ਹੇਠ ਅਨੁਸਾਰ ਹੈ:**

ਰਾਗ ਵਰਿੰਦਾਵਨੀ ਸਾਰੰਗ

ਅੱਜ ਦੇ ਸਮੇਂ ਮੂਲ ਸਾਰੰਗ ਰਾਗ ਵਰਿੰਦਾਵਨੀ ਨੂੰ ਹੀ ਮੰਨਿਆ ਜਾਂਦਾ ਹੈ। ਵਾਰਿੰਦਾਵਨੀ ਸਾਰੰਗ ਦਾ ਵਰਣਨ 1660 ਈ. ਵਿੱਚ ਹਿਰਦੈਨਾਰਾਇਨਦੇਵ ਕ੍ਰਿਤ 'ਹਿਰਦੈਕੌਤੁਕ' ਵਿੱਚ ਸਭ ਤੋਂ ਪਹਿਲਾਂ ਮਿਲਦਾ ਹੈ। ਇਸ ਦੀ ਜਾਤੀ ਔੜਵ-ਔੜਵ ਮੰਨੀ ਜਾਂਦੀ ਹੈ। ਇਸ ਦੇ ਸਵਰ ਆਧੁਨਿਕ ਪ੍ਰਚਲਿਤ ਉੱਤਰ ਭਾਰਤੀ ਸੰਗੀਤ ਪੱਧਤੀ ਦੇ ਅਨੁਸਾਰ 'ਸ ਰੇ ਮ ਨ਼ੀ ਪ ਮ ਪ ਮ ਪ ਮ ਰੇ ਸ' ਹਨ। ਪੰ. ਵਿਅੰਕਟਮਖੀ ਦੁਆਰਾ ਰਚਿਤ 'ਚਤੁਰਦੰਡਪ੍ਰਕਾਸ਼ਿਕਾ' ਵਿੱਚ ਵੀ ਵਰਿੰਦਾਵਨੀ ਸਾਰੰਗ ਦਾ ਉਲੇਖ ਮਿਲਦਾ ਹੈ। ਇਹ ਰਾਗ ਉੱਤਰ ਵਿੱਚ ਬਹੁਤ ਲੋਕਪ੍ਰਿਯ ਹੈ। ਜਿਸ ਦਾ ਵਰਣਨ ਇਸ ਪ੍ਰਕਾਰ ਹੈ:

ਥਾਟ-ਕਾਫ਼ੀ ਸਵਰ ਦੋਵੇਂ ਨਿਸ਼ਾਦ ਬਾਕੀ ਸ਼ੁੱਧ ਵਰਜਿਤ ਸਵਰ- ਗ, ਧ
ਜਾਤੀ-ਔੜਵ-ਔੜਵ ਵਾਦੀ-ਸੰਵਾਦੀ- ਰੇ ਪ, ਨਿਆਸ ਦੇ ਸਵਰ-ਰੇ, ਪ, ਨੀ
ਸਮਾਂ-ਦੁਪਹਿਰ
ਆਰੋਹ: ਨੀ ਸ ਮਰੇ, ਮ ਪ, ਨੀ ਸਂ
ਅਵਰੋਹ: ਸਂ ਨ਼ੀ ਪ, ਮ ਰੇ, ਨ਼ੀ ਸ
ਪਕੜ: ਨ਼ੀ ਸ ਮਰੇ, ਮ ਰੇ, ਪ ਰੇਮ ਰੇ ਨ਼ੀ ਸ
ਮੁੱਖ ਸਵਰ ਸੰਗਤੀਆਂ:

(1) ਮਰੇ, ਰੇਮ, ਰੇ,
(2) ਪ ਰੇਮ ਰੇ,
(3) ਨ਼ੀ ਪ, ਰੇਮ, ਰੇ
(4) ਮ ਰੇ, ਨ਼ੀ ਸ

ਸ਼ੁਧ ਸਾਰੰਗ

ਸ਼ੁੱਧ ਸਾਰੰਗ ਦਾ ਸਭ ਤੋਂ ਪਹਿਲਾਂ ਉਲੇਖ ਨਾਰਦ ਕ੍ਰਿਤ 'ਸੰਗੀਤ ਮਕਰੰਦ ' ਵਿੱਚ ਮਿਲਦਾ ਹੈ। ਇਸ ਤੋਂ ਬਾਅਦ 1910 ਈ. ਵਿੱਚ ਸੋਮਨਾਥ ਕ੍ਰਿਤ 'ਰਾਗ ਵਿਵੋਧ ' ਵਿੱਚ ਸਾਰੰਗ ਨੂੰ ਮੇਲ ਵੀ ਮੰਨਿਆ ਹੈ। ਹਿਰਦੈਨਾਰਾਇਣ ਦੇਵ ਕ੍ਰਿਤ 'ਹਿਰਦੈਕੌਤਕ' ਵਿੱਚ ਵੀ ਇਸ ਦਾ ਵਰਣਨ ਮਿਲਦਾ ਹੈ। ਪ੍ਰਾਚੀਨ ਕਾਲ ਵਿੱਚ ਸਾਰੰਗ ਨੂੰ ਸ਼ੁੱਧ ਸਾਰੰਗ ਸਮਝਿਆ ਜਾਂਦਾ ਸੀ ਪਰੰਤੂ ਅੱਜ-ਕੱਲ੍ਹ ਸਾਰੰਗ ਵਿੱਚ ਵਰਿੰਦਾਵਨੀ ਸਾਰੰਗ

ਸਮਝਿਆ ਜਾਂਦਾ ਹੈ। ਸ਼ੁੱਧ ਸਾਰੰਗ ਦਾ ਪਰਿਚੈ ਇਸ ਤਰ੍ਹਾਂ ਹੈ:–

ਥਾਟ– ਕਾਫ਼ੀ ਵਾਦੀ– ਸੰਵਾਦੀ ਰੇ, ਪ

ਵਰਜਿਤ ਸਵਰ– ਆਰੋਹ ਵਿੱਚ ਗੰਧਾਰ ਤੇ ਧੈਵਤ ਅਤੇ ਅਵਰੋਹ ਵਿੱਚ ਗੰਧਾਰ

ਸਵਰ– ਦੋਨੋਂ ਮਧਿਅਮ ਜਾਤੀ– ਔੜਵ–ਸ਼ਾੜਵ ਸਮਾਂ–ਦਿਨ ਦਾ ਦੂਜਾ ਪਹਿਰ

ਆਰੋਹ– ਨ਼ੀ ਸ ਰੇ, ਮੇ ਪ, ਨੀ ਸਂ।

ਅਵਰੋਹ– ਸਂ ਨੀ ਧ ਪ, ਮੇ ਪ, ਮੇ ਰੇ, ਨ਼ੀ ਸ।

ਪਕੜ– ਰੇ ਮੇ ਪ, ਮ ਰੇ, ਸ, ਨ਼ੀ ਧ਼, ਸ ਨ਼ੀ ਰੇ ਸ

## ਰਾਗ ਮੀਆਂ ਕੀ ਸਾਰੰਗ

ਜਿਵੇਂ ਕਿ ਨਾਮ ਤੋਂ ਹੀ ਸਪੱਸ਼ਟ ਹੈ ਕਿ ਇਸ ਰਾਗ ਦੀ ਉਤਪਤੀ ਮੀਆਂ ਤਾਨਸੇਨ ਜੀ ਦੁਆਰਾ ਹੋਈ। 'ਸੰਗੀਤ ਸੁਧਾਕਰ' ਨਾਮਕ ਗ੍ਰੰਥ' ਵਿੱਚ ਇਸ ਦਾ ਉਲੇਖ ਮਿਲਦਾ ਹੈ ਪਰੰਤੂ ਇਸ ਗ੍ਰੰਥ ਦਾ ਰਚਨਾਕਾਲ ਪਤਾ ਨਾ ਹੋਣ ਕਰਕੇ ਰਾਗ ਦੀ ਪ੍ਰਾਚੀਨਤਾ ਦਾ ਅਨੁਮਾਨ ਨਹੀਂ ਲਗਾਇਆ ਜਾ ਸਕਦਾ। ਇਸ ਰਾਗ ਦੀ ਜਾਤੀ ਸ਼ਾੜਵ–ਸ਼ਾੜਵ ਹੈ। ਇਸ ਵਿੱਚ ਸਾਰੰਗ ਅਤੇ ਮਲਹਾਰ ਦਾ ਸੁੰਦਰ ਮੇਲ ਹੈ। 'ਮ ਰੇ, ਮਰੇ ਪ ਸਵਰ ਸਮੂਹ ਮਲਹਾਰ ਦਾ ਹੈ। ਇਸ ਦੇ ਪੂਰਵਾਂਗ ਵਿੱਚ ਸਾਰੰਗ ਅਤੇ ਉਤਰਾਂਗ ਵਿੱਚ ਮੀਆਂ ਮਲਹਾਰ ਹੈ। ਮੀਆਂ ਮਲਹਾਰ ਦੀ ਤਰ੍ਹਾਂ ਇਸ ਵਿੱਚ ਵੀ ਦੋਨੋਂ ਨਿਸ਼ਾਦ ਪ੍ਰਯੋਗ ਹੁੰਦੇ ਹਨ। ਮੀਆਂ ਕੀ ਸਾਰੰਗ ਵਿੱਚ 'ਰੇ ਮ ਰੇ' ਸਾਰੰਗ ਹੈ ਅਤੇ 'ਮ ਰੇ' ਮਲਹਾਰ ਹੈ। ਸਾਰੰਗ ਦਾ ਪਰਿਚੈ ਇਸ ਪ੍ਰਕਾਰ ਹੈ:

ਥਾਟ– ਕਾਫ਼ੀ ਸਵਰ–ਦੋਨੋਂ ਨਿਸ਼ਾਦ ਬਾਕੀ ਸਵਰ ਸ਼ੁੱਧ ਵਰਜਿਤ ਸਵਰ– ਗੰਧਾਰ

ਜਾਤੀ– ਸ਼ਾੜਵ–ਸ਼ਾੜਵ ਵਾਦੀ–ਸੰਵਾਦੀ ਰੇ, ਪ ਸਮਾਂ–ਦਿਨ ਦਾ ਦੂਸਰਾ ਪਹਿਰ

ਆਰੋਹ– ਨ਼ੀ ਸ ਰੇ, ਮ ਰੇ, ਰੇ ਪ, ਮ ਪ ਨੁੀ ਧ, ਨੀ ਸਂ

ਅਵਰੋਹ– ਸਂ ਨੁੀ ਧ, ਨੁੀ ਪ, ਮ ਪ, ਮ ਰੇ, ਨ਼ੀ ਸ

ਪਕੜ– ਮਰੇ ਪ, ਮ ਪ, ਮ ਰੇ ਸ, ਨੁ਼ੀ ਧ਼ ਨ਼ੀ ਸ।

## ਰਾਗ ਮੱਧਮਾਦ ਸਾਰੰਗ

ਪਾਰਸ਼ਵ ਦੇਵ ਕ੍ਰਿਤ 'ਸੰਗੀਤ ਸਮਯਸਾਰ' ਵਿਚ ਮੱਧਮਾਦ ਰਾਗ ਨੂੰ ਰਾਗਾਂਗ ਰਾਗ ਮੰਨਿਆ ਗਿਆ ਹੈ। ਪੰਡਿਤ ਰਾਮਾਮਾਤਯ ਨੇ 'ਸਵਰਮੇਲ ਕਲਾਨਿਧੀ' ਵਿੱਚ ਮੱਧਮਾਦ ਰਾਗ 'ਤੇ ਚਾਨਣਾ ਪਾਉਂਦੇ ਹੋਏ ਇਸ ਵਿੱਚ ਰੇ, ਧ ਵਰਜਿਤ ਦੱਸੇ ਹਨ। ਜਾਤੀ–ਔੜਵ–ਔੜਵ ਅਤੇ ਗਾਇਨ ਸਮਾਂ ਸ਼ਾਮ ਦਾ ਦੱਸਿਆ ਹੈ। ਇਸ ਰਾਗ ਨੂੰ ਸ਼੍ਰੀ ਮੇਲ ਦੇ ਅੰਤਰਗਤ ਮੰਨਿਆ ਗਿਆ ਹੈ। ਸ਼੍ਰੀ ਮੇਲ ਉੱਤਰ ਦੇ ਕਾਫ਼ੀ ਥਾਟ ਦੇ ਸਮਾਨ ਹੈ ਜਿਸ ਦੇ ਸਵਰ ਸ ਰੇ ਗੁ ਮ ਪ ਧ ਨੁੀ ਹੈ। ਅੱਜ ਦੇ ਮੱਧਮਾਦ ਵਿੱਚ ਕੇਵਲ ਗ, ਧ ਵਰਜਿਤ ਹਨ। ਪਰ ਇਸ ਵਿੱਚ ਰੇ, ਧ ਵਰਜਿਤ ਹਨ, ਇਹ ਮੱਧਮਾਦ ਰਾਗ ਨਹੀਂ ਹੈ। ਪੰਡਿਤ ਅਹੋਬਲ ਜੀ ਨੇ 'ਸੰਗੀਤ ਪਾਰਿਜਾਤ' ਵਿੱਚ ਰਾਗ ਦਾ ਨਾਂ ਮੱਧਮਾਦ ਦਿੱਤਾ ਹੈ।

ਥਾਟ- ਕਾਫ਼ੀ　　　　ਸਵਰ-ਨਿਸ਼ਾਦ ਕੋਮਲ ਬਾਕੀ ਸ਼ੁੱਧ　　　　ਵਾਦੀ-ਸੰਵਾਦੀ-ਰੇ,ਪ

ਵਰਜਿਤ-ਗ, ਧ　ਜਾਤੀ-ਔੜਵ-ਔੜਵ　　　　ਸਮਾਂ-ਦੁਪਹਿਰ

ਨਿਆਸ ਦੇ ਸਵਰ- ਰੇ, ਮ, ਪ

ਆਰੋਹ- ਸ ਰੇ, ਮ ਪ, ਨ੍ਰੀ ਸਂ

ਅਵਰੋਹ- ਸਂ ਨ੍ਰੀ ਪ, ਮ ਰੇ, ਸ

ਮੁੱਖ ਸਵਰ ਸਮੂਹ

1) ਰੇ ਮ ਪ ਮ

2) ਰੇ, ਮ ਰੇ ਨ੍ਰੀ ਸ

ਇਸ ਤਰ੍ਹਾਂ ਸਾਰੰਗ ਦੇ ਇਹਨਾਂ ਪ੍ਰਕਾਰਾਂ ਵਿੱਚੋਂ ਸਾਰੰਗ ਰਾਗਾਂਗ ਦੀ ਅਲੱਗ-ਅਲੱਗ ਸਵਰ ਸੰਗਤੀਆਂ ਸਪੱਸ਼ਟ ਰੂਪ ਵਿੱਚ ਝਲਕਦੀਆਂ ਹਨ। ਭਾਰਤੀ ਸੰਗੀਤ ਦੀ ਇਹ ਅਨੋਖੀ ਵਿਸ਼ੇਸ਼ਤਾ ਹੈ ਕਿ ਇੱਕ ਹੀ ਰਾਗਾਂਗ ਦੇ ਅਧੀਨ ਆਉਂਦੇ ਰਾਗ ਅਲੱਗ-ਅਲੱਗ ਹੁੰਦੇ ਹੋਏ ਵੀ ਇੱਕ ਹੀ ਪਰਿਵਾਰ ਦਾ ਅੰਗ ਹੁੰਦੇ ਹਨ। ਸਾਰੰਗ ਇੱਕ ਵੱਡਾ ਪਰਿਵਾਰ ਹੈ, ਜਿਸ ਦੇ ਕੁਝ ਮੈਂਬਰ ਰਾਗਾਂ ਦਾ ਹੀ ਵਿਵੇਚਨ ਇੱਥੇ ਪ੍ਰਸਤੁਤ ਕੀਤਾ ਗਿਆ ਹੈ।

**ਅਸਿਸਟੈਂਟ ਪ੍ਰੋਫ਼ੈਸਰ (ਗੈਸਟ ਫ਼ੈਕਲਟੀ)**
**ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**
**ਪਿੰਨ ਕੋਡ 147002, ਮੋਬਾ ਨੰ. 73475-83311**

## ਅੱਸ਼ਾਕ ਕਾਨੜਾ ਸੁਰਲਿਪੀ ਦਾ **ਅੰਤਰਾ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ | – | ਪ | – | [ਨ]ਧੁ | – | ਨ | – | ਸਂ | ਸਂ | ਨ | ਸਂ | ਧੁ | ਨ | ਸਂ | – |
| ਰਾ | ऽ | ਮ | ऽ | ਨਾ | ऽ | ਮ | ऽ | ਸਾ | ਰ | ਰ | ਸ | ਪੀ | ऽ | ਵੈ | ऽ |
| – | ਰਂ | ਰਂ | ਰਂ | [ਮ]ਗੁਂ | ਮਂ | ਰਂ | ਸਂਸਂ | ਨ | ਨ | ਸਂ | ਨ | ਧੁ | – | ਪ | – |
| ऽ | ਉ | ਸ | ਪੰ | ਡ | ਤ | ਕੈ | ਉਪ | ਦੇ | ਸ | ਜ | ਗ | ਜੀ | ऽ | ਵੈ | ऽ |
| [ਮ]ਗੁ | – | ਗੁ | ਗੁ | – | ਗੁ | ਗੁ | – | ਰਗੁ | ਮ– | ਮ | ਰਸ | [ਸ]ਰ | – | ਸ | – |
| ਰਾ | ऽ | ਮ | ਨਾ | ऽ | ਮ | ਆ | ऽ | ਤੁऽ | ਮੁऽ | ਮ | ਹਿऽ | ਸੋ | ऽ | ਧੈ | ऽ |
| ੦ | | | | ੩ | | | | x | | | | ੨ | | | |

# ਅੱਸ਼ਾਕ ਕਾਨ੍ਹੜਾ

ਪੂਰਵਾਂਗ ਵਿੱਚ ਕਾਨ੍ਹੜਾ ਅਤੇ ਉਤਰਾਂਗ ਵਿੱਚ ਅਸ਼ਾਕ ਰਾਗ ਨਾਲ ਲੇਖਕ ਪਾਸੋਂ ਇਸ ਰਾਗ ਦੀ ਰਚਨਾ ਹੋਈ ਹੈ। ਰਾਗ ਅਸ਼ਾਕ ਦੇ ਸੁਰ ਹਨ : ਸ ਰ ਮ ਪ ਧੁ ਨ ਸੰ ਪਰ ਅਵਰੋਹ ਵਿੱਚ ਧੁ ਪ ਮ ਗੁ – ਮ ${}^{\text{ਸ}}$ਰ – ਸ ਦੇ ਸੁਰ ਸੰਗਮ ਨਾਲ ਇਹ ਜੋੜ ਰਾਗ ਹੋਂਦ ਵਿੱਚ ਆਇਆ ਹੈ। ਇਸ ਵਿੱਚ ਗੰਧਾਰ ਅਤੇ ਧੈਵਤ ਕੋਮਲ ਪਰ ਬਾਕੀ ਸੁਰ ਸ਼ੁੱਧ ਹਨ। ਆਰੋਹ ਵਿੱਚ ਗੰਧਾਰ ਅਤੀ ਅਲਪ – ਵਰਜਤ ਹੋਣ ਦੇ ਬਰਾਬਰ ਹੈ। ਵਾਦ–ਸੰਵਾਦ ਭਾਵੇਂ ਰ – ਪ ਹੈ ਪਰ ਇਸ ਰਾਗ ਦਾ ਖੇੜਾ ਜ਼ਿਆਦਾ ਮੱਧ ਅਤੇ ਤਾਰ ਸਪਤਕ ਵਿੱਚ ਹੀ ਹੈ ਜਿੱਥੇ ਇਸ ਦੀ ਝਲਕ ਚੰਦਰ ਕੌਂਸ ਵਿੱਚ ਪੈਂਦੀ ਹੈ। ਇਹ ਮੱਧ ਰਾਤਰੀ ਦਾ ਰਾਗ ਹੈ।

**ਆਰੋਹ:** ਸ ${}^{\text{ਮ}}$ਰ ਮ ਪ ${}^{\text{ਨ}}$ਧੁ ਨ ਸੰ

**ਅਵਰੋਹ:** ਸੰ ਨ ਧੁ ਪ ਮ ਪ ਗੁ ਮ ${}^{\text{ਸ}}$ਰ ਸ

**ਮੁੱਖ ਅੰਗ:** ਰ ਮ ਪ ਧੁ ਮ ਪ ਗੁ ਮ ${}^{\text{ਸ}}$ਰ ਸ ਨ਼ ਧ਼ੁ ਸ।

**ਚਾਲ:** ਸ – ਧ਼ੁ – ਨ਼ – ਸ, ਧ਼ੁ ਨ਼ ਸ – ${}^{\text{ਸ}}$ਰ – ਗੁ – ਮ ${}^{\text{ਸ}}$ਰ – ਸ, ਸ ਰ ਮ ਪ ਮ ਗੁ – ਮ – ${}^{\text{ਸ}}$ਰ – ਸ, ਧ਼ੁ ਨ਼ ਸ ${}^{\text{ਗ}}$ਰ – ਮ ਪ – ਮ ਪ ${}^{\text{ਨ}}$ਧੁ – ਪ – ਮ ਪ ${}^{\text{ਨ}}$ਧੁ – ਨ ਧੁ ਸੰ, ਸੰ ਨ ਧੁ ਪ ਮ ਗੁ ਮ ਰ ਮ ਪ ਧੁ ਪ, ਮ ਪ ਧੁ ਨ ਸੰ, ਸੰ – ${}^{\text{ਮੰ}}$ਗੁੰ ਮੰ ${}^{\text{ਸੰ}}$ਰੰ – ਸੰ, ਸੰ ਨ ਧੁ ਪ – ਮ ਪ ਧੁ ਮ ਪ ਗੁ – ਮ – ${}^{\text{ਸ}}$ਰ – ਸ ਨ਼ ਧ਼ੁ ਨ਼ – ਸ।

## ਆਸ਼ਾਕ ਕਾਨ੍ਹੜਾ (ਤਿੰਨ ਤਾਲ)

**ਸੋ ਪੰਡਿਤੁ ਜੋ ਮਨੁ ਪਰਬੋਧੈ ॥ ਰਾਮ ਨਾਮੁ ਆਤਮ ਮਹਿ ਸੋਧੈ ॥**
**ਰਾਮ ਨਾਮ ਸਾਰੁ ਰਸੁ ਪੀਵੈ ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥**
**ਹਰਿ ਕੀ ਕਥਾ ਹਿਰਦੈ ਬਸਾਵੈ ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥**
**ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥ ਸੂਖਮ ਮਹਿ ਜਾਨੈ ਅਸਥੂਲੁ ॥**
**ਚਹੁ ਵਰਨਾ ਕਉ ਦੇ ਉਪਦੇਸੁ ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥੪॥**
**(ਗਉੜੀ ਸੁਖਮਨੀ ਮਃ ੫) ਅੰਗ ੨੭੪**

## ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਸੰਨ | ਸੰਰੰ | ਸੰਨ | ਧੁਪ | ਮ | ${}^{\text{ਮ}}$ਰ | ਮ | – | ਪ | ਪ | ਪ | ਮ | ${}^{\text{ਨ}}$ਧੁ | – | ਪ | – |
| ਸੋऽ | ऽऽ | ऽऽ | ਪੰऽ | ਡ | ਤ | ਜੋ | ऽ | ਮ | ਨ | ਪ | ਰ | ਬੋ | ऽ | ਧੈ | ऽ |
| ${}^{\text{ਮ}}$ਗੁ | – | ਗੁ | ਗੁ | – | ਗੁ | ਗੁ | – | ਗੁ | ਮ | ${}^{\text{ਮ}}$ਰ | ਸ | ${}^{\text{ਸ}}$ਰ | – | ਸ | – |
| ਰਾ | ऽ | ਮ | ਨਾ | ऽ | ਮ | ਆ | ऽ | ਤ | ਮ | ਮ | ਹਿ | ਸੋ | ऽ | ਧੈ | ऽ |
| ੦ | | | | ੩ | | | | x | | | | ੨ | | | |

RNI Regd. No. 46788/89 ISSN 0972-2335

www.alpoverseas.com

ALP OVERSEAS


# EPDM MAT
*For Life*

- Anti-fungal, Anti-microbial & Non Toxic
- UV Resistant
- Excellent Floor Grip Property
- Long Life






## OUR OTHER PRODUCTS




**Corporate Office:** #32, Sector-18 HUDA, Gurgaon, Haryana - 122015
+91-124-4731500 marketing@alpoverseas.com

MAKE IN INDIA

आत्मनिर्भर भारत